ਅਧਿਆਇ 19
ਅੱਯੂਬ ਦਾ ਉੱਤਰ

ਅਧਿਆਇ 19 ਵਿਚ, ਅੱਯੂਬ ਆਪਣੀ ਉਮੀਦ[1] ਦੇ ਸਭ ਤੋਂ ਉੱਚੇ ਪੱਧਰਾਂ ਵਿਚ ਚੜ੍ਹਨ ਤੋਂ ਪਹਿਲਾਂ ਨਿਰਾਸ਼ਾ ਦੇ ਸਭ ਤੋਂ ਨੀਵੇਂ ਪੱਧਰਾਂ ਵਿੱਚੋਂ ਇਕ ਵਿਚ ਡਿੱਗ ਗਿਆ ਸੀ। ਜੌਨ ਈ. ਹਾਰਟਲੇ ਨੇ ਕਿਹਾ, "ਉਸ ਦਾ ਭਾਸ਼ਣ ਨਿਜੀ ਸੋਗ ਦੀ ਭਾਸ਼ਾ ਤੋਂ ਬਹੁਤ ਪ੍ਰਭਾਵਿਤ ਹੈ, ਖਾਸ ਤੌਰ ਤੇ ਉਹ ਹਿੱਸਾ ਜਿਸ ਵਿਚ ਇਕ ਵਿਲਾਪ ਕਰਨ ਵਾਲੇ ਨੇ ਆਪਣੇ ਦੁਸ਼ਮਣ ਰਾਹੀਂ ਉਸ ਨੂੰ ਦੁਖ ਪਹੁੰਚਾਉਣ ਲਈ ਕੀਤੀਆਂ ਗਈਆਂ ਅਥੱਕ ਕੋਸ਼ਿਸ਼ਾਂ ਤੇ ਆਪਣਾ ਦੁਖ ਜਾਹਿਰ ਕੀਤਾ ਹੈ।"[1] ਫ੍ਰਾਂਸਿਸ ਆਈ. ਐਂਡਰਸਨ ਨੇ ਇਸ ਅਧਿਆਇ ਦੇ ਭਾਗਾਂ ਨੂੰ ਚੰਗੀ ਤਰ੍ਹਾਂ ਸੰਖੇਪ ਵਿਚ ਪੇਸ਼ ਕੀਤਾ ਹੈ:

> ਇਸ ਭਾਸ਼ਣ ਵਿਚ, ਇਨ੍ਹਾਂ ਮਸ਼ਹੂਰ ਸ਼ਬਦਾਂ ਵਿਚ ਅੱਯੂਬ ਦਾ ਅਟੱਲ ਵਿਸ਼ਵਾਸ ਆਪਣੀ ਚਰਮ ਸੀਮਾ ਤੇ ਪਹੁੰਚ ਜਾਂਦਾ ਹੈ, *ਮੈਂ ਤਾਂ ਜਾਣਦਾ ਹਾਂ ਭਈ ਮੇਰਾ ਨਿਸਤਾਰਾ ਦੇਣ ਵਾਲਾ ਜੀਉਂਦਾ ਹੈ* (ਆਇਤ 25)। ਉਹ ਆਪਣੇ ਮਿੱਤਰਾਂ ਦੁਆਰਾ ਕੀਤੀ ਗਈ ਨਿੰਦਾ (ਆਇਤਾਂ 2-6), ਪਰਮੇਸ਼ੁਰ ਦੇ ਰਾਹੀਂ ਉਸ ਦੀ ਤਬਾਹੀ (7-12), ਅਤੇ ਉਸ ਦੇ ਪੂਰੀ ਤਰ੍ਹਾਂ ਨਾਲ ਤਿਆਗਣ ਦੀ ਉਸ ਦੀ ਭਾਵਨਾ ਦੇ ਕਾਰਣ (13-22) ਉਹ ਨਿਰਾਸ਼ਾ ਦੀ ਇਸ ਸਥਿਤੀ ਤੱਕ ਪਹੁੰਚ ਜਾਂਦਾ ਹੈ। ਉਸ ਦੀ ਅੰਤਿਮ ਨਿਸ਼ਚਤਤਾ (23-29) ਇਸ ਕਾਲੇ ਪਿਛੋਕੜ ਦੇ ਵਿਰੁੱਧ ਹੋਰ ਵੀ ਵੱਧ ਤੇਜ ਰੂਪ ਵਿਚ ਚਮਕਦੀ ਹੈ।[2]

"ਤੁਸੀਂ ਕਦ ਤੀਕ ਗੱਲਾਂ ਨਾਲ ਮੇਰੀ ਜਾਨ ਨੂੰ ਸਤਾਓਗੇ?" (19:1-6)

**1ਤਾਂ ਅੱਯੂਬ ਨੇ ਉੱਤਰ ਦੇ ਕੇ ਆਖਿਆ, 2ਤੁਸੀਂ ਕਦ ਤੀਕ ਮੇਰੀ ਜਾਨ ਨੂੰ ਸਤਾਓਗੇ,
ਅਤੇ ਮੈਨੂੰ ਗੱਲਾਂ ਨਾਲ ਚੂਰ ਚੂਰ ਕਰੋਗੇ? 3ਹੁਣ ਦਸ ਵਾਰ ਤੁਸੀਂ ਮੈਨੂੰ ਲੱਜਿਆਵਾਨ ਕੀਤਾ,
ਤੁਸੀਂ ਸ਼ਰਮ ਨਹੀਂ ਖਾਂਦੇ ਜੋ ਤੁਸੀਂ ਮੇਰੇ ਨਾਲ ਸਖਤੀ ਕਰਦੇ ਹੋ? 4ਸੱਚ ਮੰਨੋ ਭਈ ਮੈਥੋਂ ਭੁੱਲ
ਹੋਈ, ਮੇਰੀ ਭੁੱਲ ਮੇਰੇ ਨਾਲ ਹੀ ਰਹਿੰਦੀ ਹੈ। 5ਜੇ ਤੁਸੀਂ ਸੱਚ ਮੁੱਚ ਮੇਰੇ ਵਿਰੁੱਧ ਆਪਣੇ ਆਪ
ਨੂੰ ਵਡਿਆਉਂਦੇ ਹੋ, ਅਤੇ ਮੇਰੇ ਉੱਤੇ ਹਰਫ਼ ਲਾ ਕੇ ਬਹਿਸ ਕਰਦੇ ਹੋ, 6ਤਾਂ ਹੁਣ ਜਾਣ ਲਓ
ਭਈ ਪਰਮੇਸ਼ੁਰ ਹੀ ਨੇ ਮੈਨੂੰ ਨਿਵਾਇਆ, ਅਤੇ ਮੈਨੂੰ ਆਪਣੇ ਜਾਲ ਵਿੱਚ ਫਸਾਇਆ ਹੈ।**

ਆਇਤਾਂ 1, 2. ਅੱਯੂਬ ਨੇ ਉੱਤਰ ਦਿੱਤਾ, **ਤੁਸੀਂ ਕਦ ਤੀਕ ਮੇਰੀ ਜਾਨ ਨੂੰ ਸਤਾਓਗੇ, ਅਤੇ ਮੈਨੂੰ ਗੱਲਾਂ ਨਾਲ ਚੂਰ ਚਾਰ ਕਰੋਗੇ?** ਅੱਯੂਬ ਨੇ ਆਪਣੇ ਸਾਰੇ ਮਿੱਤਰਾਂ ਨੂੰ ਬਹੁਵਚਨ "ਤੁਸੀਂ," ਦੇ ਨਾਲ ਸੰਬੋਧਤ ਕੀਤਾ, ਪਰ ਉਸ ਦੇ ਮਨ ਵਿਚ ਵਿਸ਼ੇਸ਼ ਤੌਰ ਤੇ ਬਿਲਦਦ ਸੀ। "ਕਦ ਤੀਕ" ਬਿਲਦਦ ਦੇ ਭਾਸ਼ਣ ਦੇ ਸ਼ੁਰੂ ਹੋਣ ਦੀ ਨਕਲ ਕਰਦਾ ਹੈ (8:2; 18:2)। ਪਹਿਲੇ ਪ੍ਰਸ਼ਨ ਦਾ ਸ਼ਾਬਦਿਕ ਅਨੁਵਾਦ ਕੀਤਾ ਜਾ ਸਕਦਾ ਹੈ ਕਿ "ਤੁਸੀਂ *ਮੇਰੀ ਜਾਨ* ਨੂੰ ਕਿੰਨਾ ਚਿਰ ਤਸੀਹੇ ਦਿਓਗੇ?" "ਜਾਨ" (שֶׁפֶנ, *ਨੇਪਲੇਸ਼)* ਮਨੁੱਖ ਦੇ ਅੰਦਰਲੇ ਵਿਅਕਤੀ ਜਾਂ ਪੂਰੇ ਵਿਅਕਤੀ

ਨੂੰ ਦਰਸਾ ਸਕਦੀ ਹੈ।[3]

ਸ਼ਬਦ "ਸਤਾਓਗੇ," ਜੋ ਮੂਲ ਸ਼ਬਦ יָגָה *(ਯਾਗਾਹ)* ਤੋਂ ਹੈ, ਇਕ ਗਹਿਰੇ ਨਿਜੀ ਦੁਖ ਨੂੰ ਦਰਸਾਉਂਦਾ ਹੈ। ਇਹ ਸ਼ਬਦ ਸਭ ਤੋਂ ਵੱਧ ਵਿਰਲਾਪ ਵਿਚ ਪਰਗਟ ਹੁੰਦਾ ਹੈ ਅਤੇ ਇਸ ਦਾ ਅਨੁਵਾਦ "ਦੁਖੀ," "ਦੁਖ" ਅਤੇ "ਕਸ਼ਟ" (ਵਿਰਲਾਪ 1:4, 5, 12; 3:32, 33) ਕੀਤਾ ਜਾਂਦਾ ਹੈ। ਸ਼ਬਦ "ਚੂਰ-ਚਾਰ" (דָּכָא, *ਡਾਕਾ)* ਦਰਸਾਉਂਦਾ ਹੈ ਕਿ ਅੱਯੂਬ ਦੇ ਮਿੱਤਰ "ਦੁਖ ਸਹਿ ਸਕਣ ਦੀ ਸਹਿਣ ਸ਼ਕਤੀ ਨੂੰ ਨਾਸ਼ ਕਰ ਰਹੇ ਸਨ। ਮਨੋਵਿਗਿਆਨਕ ਤੌਰ ਤੇ [ਇਹ ਇਬਰਾਨੀ ਸ਼ਬਦ] ਉਨ੍ਹਾਂ ਵਿਅਰਥਤਾ ਅਤੇ ਬੇਕਾਰਪਨ ਦੀਆਂ ਭਾਵਨਾਵਾਂ ਨੂੰ ਦਰਸਾਉਂਦਾ ਹੈ ਜੋ ਬਦਕਿਸਮਤੀ ਦੇ ਹਾਵੀ ਹੋ ਜਾਣ ਦੇ ਕਾਰਨ ਪੈਦਾ ਹੁੰਦੀਆਂ ਹਨ।"[4] ਯਸਾਯਾਹ ਨੇ ਪ੍ਰਭੂ ਦੇ ਦਾਸ ਦੇ ਦੁਖ ਦਾ ਵਰਣਨ ਕਰਨ ਦੇ ਲਈ ਇਸੇ ਸ਼ਬਦ ਦਾ ਇਸਤੇਮਾਲ ਕੀਤਾ: "ਸਾਡੀਆਂ ਬਦੀਆਂ ਦੇ ਕਾਰਨ ਕੁਚਲਿਆ ਗਿਆ" (ਯਸਾਯਾਹ 53:5)।

ਆਇਤ 3. ਹੁਣ ਦਸ ਵਾਰ ਤੁਸੀਂ ਮੈਨੂੰ ਲੱਜਿਆਵਾਨ ਕੀਤਾ। "ਦਸ" ਨੂੰ ਸ਼ਾਬਦਿਕ ਤੌਰ ਤੇ ਨਹੀਂ ਲਿਆ ਜਾਣਾ ਚਾਹੀਦਾ। ਇਹ ਪੂਰਨਤਾ ਅਤੇ ਸੰਪੂਰਨਤਾ ਨੂੰ ਦਰਸਾਉਂਦਾ ਹੈ ਜਿਵੇਂ ਯਾਕੂਬ ਦੇ ਰਾਹੀਂ ਆਪਣੇ ਸਹੁਰੇ ਲਾਬਾਨ ਦੇ ਵਿਸ਼ੇ ਵਿਚ ਕਹੇ ਗਏ ਕਥਨ ਵਿਚ ਹੈ: "ਪਰ ਤੁਹਾਡੇ ਪਿਤਾ ਨੇ ਮੇਰੇ ਨਾਲ ਧੋਖਾ ਕਮਾਇਆ ਅਰ ਮੇਰੀ ਤਲਬ ਦਸ ਵਾਰੀ ਬਦਲੀ ਪਰ ਪਰਮੇਸ਼ੁਰ ਨੇ ਉਸ ਤੋਂ ਮੈਨੂੰ ਘਾਟਾ ਪੈਣ ਨਾ ਦਿੱਤਾ" (ਉਤਪਤ 31:7)। ਪ੍ਰਭੂ ਵੱਲੋਂ ਇਸਰਾਈਲ ਨੂੰ ਫਿਟਕਾਰ ਦੇ ਵਿਚ ਵੀ ਇਹੋ ਵਰਤਿਆ ਗਿਆ ਹੈ: "ਫੇਰ ਵੀ ਓਹ ਸਾਰੇ ਮਨੁੱਖ ਜਿਨ੍ਹਾਂ ਨੇ ਮੇਰੇ ਪਰਤਾਪ ਨੂੰ ਅਤੇ ਮੇਰੇ ਨਿਸ਼ਾਨਾਂ ਨੂੰ ਜਿਹੜੇ ਮੈਂ ਮਿਸਰ ਵਿਚ ਅਤੇ ਉਜਾੜ ਵਿਚ ਕੀਤੇ ਮੈਨੂੰ ਹੁਣ ਤੀਕ ਦਸ ਵਾਰ ਪਰਤਾਇਆ ਅਤੇ ਮੇਰੀ ਅਵਾਜ਼ ਨਹੀਂ ਸੁਣੀ" (ਗਿਣਤੀ 14:22)। "ਲੱਜਿਆਵਾਨ" (כָּלַם, *ਕਾਲਮ)* ਦਾ ਅਰਥ ਹੈ "ਆਮ ਤੌਰ ਤੇ ਜਨਤਕ ਮਖੌਲ ਦੇ ਦੁਆਰਾ ਕਿਸੇ 'ਨੂੰ ਸ਼ਰਮਿੰਦਾ ਜਾਂ ਬੇਇੱਜ਼ਤ ਕਰਨਾ।"[5]

ਆਇਤ 4. ਅੱਯੂਬ ਨੇ ਇਸ ਗੱਲ ਨੂੰ ਮੰਨ ਲਿਆ ਕਿ ਉਸ ਦੇ ਕੋਲੋਂ **ਭੁੱਲ ਹੋਈ ਸੀ** (6:24), ਪਰ ਉਸ ਨੇ ਇਸ ਗੱਲ ਨੂੰ ਨਿਸ਼ਚਿਤ ਕੀਤਾ ਕਿ ਉਸ ਦਾ ਦੁਖ ਉਸ ਭੁੱਲ ਦੀ ਤੁਲਨਾ ਵਿਚ ਕਿਤੇ ਵੱਧ ਹੈ ਜੋ ਉਸ ਦੇ ਕੋਲੋਂ **ਭੁੱਲ ਹੋਈ** ਹੋਵੇਗੀ।

ਆਇਤਾਂ 5, 6. ਭਾਵੇਂ ਮਿੱਤਰ ਅੱਯੂਬ ਦੇ ਵਿਰੁੱਧ ਆਪਣੇ **ਹਰਫ਼ ਲਾ** ਸਕਦੇ ਸਨ, ਤਾਂ ਵੀ ਇਸ ਦੇ ਨਾਲ ਉਨ੍ਹਾਂ ਦੇ ਦਾਵਿਆਂ ਨੂੰ ਸਮਰਥਨ ਨਹੀਂ ਮਿਲਦਾ ਹੈ ਕਿ ਦੋਸ਼ੀ ਹਮੇਸ਼ਾ ਦੁਖੀ ਹੁੰਦੇ ਹਨ ਅਤੇ ਧਰਮੀ ਹਮੇਸ਼ਾ ਖੁਸ਼ਹਾਲ ਰਹਿੰਦੇ ਹਨ। ਅੱਯੂਬ ਆਪਣੇ ਸਭ ਤੋਂ ਹੇਠਲੇ ਦਰਜੇ ਦੇ ਪਲਾਂ ਵਿਚ ਡੁੱਬ ਗਿਆ ਜਦੋਂ ਉਸ ਨੇ ਪਰਮੇਸ਼ੁਰ ਤੇ ਦੋਸ਼ ਲਾਇਆ ਸੀ: **ਪਰਮੇਸ਼ੁਰ ਹੀ ਨੇ ਮੈਨੂੰ ਨਿਵਾਇਆ, ਅਤੇ ਮੈਨੂੰ ਆਪਣੇ ਜਾਲ ਵਿਚ ਫਸਾਇਆ ਹੈ।**

"ਨਿਵਾਇਆ" ਮੂਲ ਸ਼ਬਦ עָוַת *('ਅਵਾਥ)* ਤੋਂ ਹੈ ਜਿਸ ਦਾ ਅਨੁਵਾਦ "ਮੋੜਣਾ," "ਝੂਠਾ," ਜਾਂ "ਧੋਖਾ ਦੇਣ ਵਾਲਾ" ਕੀਤਾ ਗਿਆ ਹੈ।[6] ਬਿਲਦਦ ਦੇ ਪਹਿਲੇ ਭਾਸ਼ਣ ਵਿਚ, ਉਸ ਨੇ ਦੋ ਵਾਰ ਇਸ ਸ਼ਬਦ ਨੂੰ ਵਰਤਿਆ ਜਦੋਂ ਇਹ ਪੁੱਛ ਰਿਹਾ ਸੀ, "ਕੀ ਪਰਮੇਸ਼ੁਰ ਨਿਆਉਂ ਨੂੰ ਵਿਗਾੜਦਾ ਹੈ? ਜਾਂ ਕੀ ਸਰਵ ਸ਼ਕਤੀਮਾਨ ਪੁੱਠੇ ਨਿਆਉਂ ਕਰੂ?" (8:3; ਵੇਖੋ 34:12)। "ਕਾਨੂਨੀ ਤੌਰ ਤੇ ਇਹ ਇਕ ਅਨਿਆਉਂ ਪੂਰਣ, ਪੱਖਪਾਤੀ ਫੈਸਲੇ ਦਾ ਹਵਾਲਾ ਦਿੰਦਾ ਹੈ ਜੋ ਇਕ ਮੁਲਜ਼ਿਮ ਨੂੰ ਉਸ ਦੇ ਉਚਿਤ ਅਧਿਕਾਰ ਦੇਣ ਤੋਂ ਇਨਕਾਰ ਕਰਦਾ ਹੈ (ਜ਼ਬੂਰਾਂ 119:78; ਵਿਰਲਾਪ 3:36)।"[7]

ਸ਼ਬਦ "ਜਾਲ" (מָצוֹד, ਮਤਸੋਦ) ਬਿਲਦਦ ਦੇ ਅਧਿਆਇ 18 ਦੇ ਪਿਛਲੇ ਭਾਸ਼ਣ ਦੀ ਯਾਦ ਦਿਵਾਉਂਦਾ ਹੈ। ਉੱਥੇ ਉਸ ਨੇ ਕਈ ਸ਼ਿਕਾਰ ਯੰਤਰਾਂ ਦਾ ਜ਼ਿਕਰ ਕੀਤਾ ਹੈ ਜਿਸ ਵਿਚ

ਬੁਰਾ ਮਨੁੱਖ ਆਪਣੇ ਆਪ ਨੂੰ ਫਸਾ ਲੈਂਦਾ ਹੈ (18:8-10 ਦੀਆਂ ਟਿੱਪਣੀਆਂ ਨੂੰ ਵੀ ਵੇਖੋ। ਪਰ, ਅੱਯੂਬ ਨੇ ਇਸ ਗੱਲ ਨੂੰ ਸਪੱਸ਼ਟ ਕਰ ਦਿੱਤਾ ਕਿ ਉਹ ਆਪਣੇ ਫਸ ਜਾਣ ਦੇ ਲਈ ਆਪ ਜ਼ਿੰਮੇਵਾਰ ਨਹੀਂ ਸੀ। ਸਗੋਂ, ਇਹ ਪਰਮੇਸ਼ੁਰ ਸੀ!

"ਪਰਮੇਸ਼ੁਰ ਨੇ ਮੇਰਾ ਪਰਤਾਪ ਮੇਰੇ ਉੱਤੋਂ ਲਾਹ ਲਿਆ" (19:7-12)

7ਵੇਖੋ, ਮੈਂ ਪੁਕਾਰਦਾ ਹਾਂ, "ਜ਼ੁਲਮ, ਜ਼ੁਲਮ!" ਪਰ ਮੈਨੂੰ ਉੱਤਰ ਕੋਈ ਨਹੀਂ, ਮੈਂ ਦੁਹਾਈ
ਦਿੰਦਾ ਹਾਂ ਪਰ ਨਿਆਉਂ ਨਹੀਂ! 8ਉਹ ਨੇ ਮੇਰੇ ਰਾਹ ਨੂੰ ਬੰਦ ਕੀਤਾ ਭਈ ਮੈਂ ਲੰਘ ਨਾ ਸੱਕਾਂ,
ਅਤੇ ਮੇਰੇ ਰਸਤਿਆਂ ਨੂੰ ਅਨ੍ਹੇਰ ਕਰ ਦਿੱਤਾ ਹੈ। 9ਉਹ ਨੇ ਮੇਰਾ ਪਰਤਾਪ ਮੇਰੇ ਉੱਤੋਂ ਲਾਹ
ਲਿਆ, ਅਤੇ ਮੇਰੇ ਸਿਰ ਦਾ ਮੁਕਟ ਲੈ ਲਿਆ ਹੈ। 10ਉਹ ਨੇ ਮੈਨੂੰ ਚੌਂਹਾਂ ਪਾਸਿਆਂ ਤੋਂ ਤੋੜ
ਸੁੱਟਿਆ ਅਤੇ ਮੈਂ ਤਾਂ ਚੱਲਦਾ ਹੋਇਆ, ਅਤੇ ਮੇਰੇ ਵਿਸਵਾਸ ਨੂੰ ਰੁੱਖ ਵਾਂਙੁ ਪੁੱਟਿਆ ਹੈ।
11ਉਹ ਨੇ ਆਪਣੇ ਕ੍ਰੋਧ ਨੂੰ ਮੇਰੇ ਉੱਤੇ ਭੜਕਾਇਆ ਹੈ, ਅਤੇ ਮੈਨੂੰ ਆਪਣੇ ਵਿਰੋਧੀਆਂ ਵਿੱਚ
ਗਿਣ ਲਿਆ ਹੈ! 12ਉਹ ਦੇ ਜੱਥੇ ਇਕੱਠੇ ਹੋ ਕੇ ਆਉਂਦੇ, ਅਤੇ ਮੇਰੇ ਵਿਰੁੱਧ ਆਪਣਾ ਰਾਹ
ਤਿਆਰ ਕਰਦੇ ਹਨ, ਅਤੇ ਮੇਰੇ ਤੰਬੂ ਦੇ ਆਲੇ ਦੁਆਲੇ ਡੇਰੇ ਲਾਉਂਦੇ ਹਨ।

ਇਸ ਪੈਰ੍ਹੇ ਵਿਚ ਅੱਯੂਬ ਨੇ ਆਪਣੇ ਦੁਖ ਦੇ ਵਿਸ਼ੇ ਵਿਚ ਇਸ ਭਾਵਨਾ ਨਾਲ ਵਿਸਥਾਰ ਨਾਲ ਦੱਸਿਆ ਕਿ ਪਰਮੇਸ਼ੁਰ ਨੇ ਉਸ ਦੇ ਨਾਲ ਬੁਰਾ ਵਿਵਹਾਰ ਕੀਤਾ ਸੀ। ਹੋਮਰ ਹੈਲੀ ਨੇ ਕਿਹਾ ਕਿ "ਇਹ ਮਦਦ ਦੇ ਲਈ ਇਕ ਪੁਕਾਰ ਸੀ ਜੋ ਉਸ ਦੀ ਆਤਮਾ ਦੇ ਦੁਖ ਤੋਂ ਨਿਕਲ ਰਹੀ ਸੀ।"[8]

ਆਇਤ 7. ਇਹ ਆਇਤ ਉਸ ਨਿਰਾਸ਼ਾ ਅਤੇ ਬੇਵੱਸੀ ਨੂੰ ਦਰਸਾਉਂਦੀ ਹੈ ਜਿਸ ਨੂੰ ਅੱਯੂਬ ਨੇ ਆਪਣੇ ਦੁਖ ਅਤੇ ਲਾਚਾਰੀ ਦੇ ਕਾਰਨ ਅਨੁਭਵ ਕੀਤਾ। ਆਰ. ਲੈਅਰਡ ਹੈਰਿਸ ਨੇ ਕਿਹਾ ਕਿ ਉਹ ਸ਼ਬਦ ਜਿਸ ਦਾ ਅਨੁਵਾਦ **ਜ਼ੁਲਮ** (חָמָס, *ਚਾਮਸ)* ਕੀਤਾ ਗਿਆ ਹੈ "ਇਸ ਨੂੰ ਲਗਭਗ ਹਮੇਸ਼ਾ ਪਾਪ ਭਰੀ ਹਿੰਸਾ ਦੇ ਸੰਬੰਧ ਵਿਚ ਕੀਤਾ ਜਾਂਦਾ ਹੈ। ਇਸ ਵਿਚ ਕੁਦਰਤੀ ਆਫਤ ਦੀ ਹਿੰਸਾ ਦਾ ਜ਼ਿਕਰ ਨਹੀਂ ਹੈ।"[9] ਇਹ **ਨਿਆਉਂ** ਦਾ ਉਲਟ ਹੈ।

ਆਇਤਾਂ 8-12. ਇਨ੍ਹਾਂ ਆਇਤਾਂ ਵਿਚ ਅੱਯੂਬ ਦੇ ਉੱਤੇ ਗੰਭੀਰ ਦੋਸ਼ ਲਾਏ:

1. **ਉਹ ਨੇ ਮੇਰੇ ਰਾਹ ਨੂੰ ਬੰਦ ਕੀਤਾ।** ਇਕ ਕੰਧ ਉਸਾਰਨ ਵਾਲੇ ਰਾਜ ਮਿਸਤਰੀ ਦੇ ਵਾਂਗ, ਪਰਮੇਸ਼ੁਰ ਨੇ ਅੱਯੂਬ ਦੇ "ਰਾਹ" ਵਿਚ ਰੁਕਾਵਟ ਪਾਈ ਸੀ ਤਾਂ ਕਿ ਉਹ ਲੰਘ ਨਾ ਸਕੇ।
2. **ਅਤੇ ਮੇਰੇ ਰਸਤਿਆਂ ਨੂੰ ਅਨ੍ਹੇਰ ਕਰ ਦਿੱਤਾ ਹੈ।** ਪਰਮੇਸ਼ੁਰ ਨੇ ਅੱਯੂਬ ਦੇ ਰਾਹ ਨੂੰ ਹਨੇਰਾ ਅਤੇ ਡਰਾਉਣਾ ਬਣਾ ਦਿੱਤਾ ਸੀ। ਅੱਯੂਬ ਨੂੰ ਪਤਾ ਨਹੀਂ ਸੀ ਕਿ ਕਿਸ ਰਸਤੇ ਜਾਣਾ ਹੈ ਜਾਂ ਕਿੱਥੋਂ ਮੁੜਨਾ ਹੈ (ਵੇਖੋ 29:2, 3)।
3. **ਉਹ ਨੇ ਮੇਰਾ ਪਰਤਾਪ ਮੇਰੇ ਉੱਤੋਂ ਲਾਹ ਲਿਆ, ਅਤੇ ਮੇਰੇ ਸਿਰ ਦਾ ਮੁਕਟ ਲੈ ਲਿਆ ਹੈ।** ਪਰਮੇਸ਼ੁਰ ਨੇ ਅੱਯੂਬ ਦੀ ਮਹਾਨ ਦੌਲਤ ਅਤੇ ਸਮਾਜ ਵਿਚ ਇਕ ਆਦਰਯੋਗ ਨੇਤਾ ਦੇ ਰੂਪ ਵਿਚ ਉਸ ਦੇ ਸਥਾਨ ਨੂੰ ਖੋਹ ਲਿਆ ਸੀ। ਅੱਯੂਬ ਨੂੰ ਇਸ ਤਰ੍ਹਾਂ ਮਹਿਸੂਸ ਹੋ ਰਿਹਾ ਸੀ ਜਿਵੇਂ ਇਕ ਰਾਜੇ ਨੂੰ ਉਸ ਦੇ ਸਿੰਘਾਸਣ ਤੋਂ ਹੇਠਾਂ ਲਾਹ ਦਿੱਤਾ ਗਿਆ ਹੋਵੇ।
4. **ਉਹ ਨੇ ਮੈਨੂੰ ਚੌਂਹਾਂ ਪਾਸਿਆਂ ਤੋਂ ਤੋੜ ਸੁੱਟਿਆ।** ਇਕ ਸੈਨਾ ਦੇ ਵਾਂਗ ਜੋ ਮੋਢਿਆਂ

ਦੀਆਂ ਟੱਕਰਾਂ ਨਾਲ ਇਕ ਸ਼ਹਿਰ ਦੀ ਕੰਧ ਨੂੰ ਢਾਉਂਦੀ ਹੈ (16:14), ਪਰਮੇਸ਼ੁਰ ਨੇ ਅੱਯੂਬ ਦੇ ਜੀਵਨ ਨੂੰ ਪੂਰਣ ਰੀਤਿ ਦੇ ਨਾਲ ਖਤਮ ਕਰ ਦਿੱਤਾ ਸੀ।

5. **ਅਤੇ ਮੇਰੇ ਵਿਸਵਾਸ ਨੂੰ ਰੁੱਖ ਵਾਂਙੁ ਪੁੱਟਿਆ ਹੈ।** ਜਿਵੇਂ ਇਕ "ਰੁੱਖ" ਨੂੰ ਕੱਟ ਦਿੱਤਾ ਗਿਆ ਹੋਵੇ-ਪਰ ਉਸ ਦੀ ਜੜ੍ਹ ਨੂੰ ਛੱਡ ਦਿੱਤਾ ਗਿਆ ਹੋਵੇ ਤਾਂ ਕਿ ਉਸ ਵਿਚ ਨਵੀਆਂ ਕੂੰਬਲਾਂ ਫੁੱਟ ਨਿਕਲਣ (14:7-9) - ਉਸ ਦੇ ਉਲਟ ਅੱਯੂਬ ਦੀ "ਆਸ" ਨੂੰ ਪਰਮੇਸ਼ੁਰ ਦੇ ਦੁਆਰਾ ਪੂਰੀ ਤਰ੍ਹਾਂ ਦੇ ਨਾਲ "ਪੁੱਟਿਆ" ਗਿਆ ਸੀ।
6. **ਉਹ ਨੇ ਆਪਣੇ ਕ੍ਰੋਧ ਨੂੰ ਮੇਰੇ ਉੱਤੇ ਭੜਕਾਇਆ ਹੈ।** ਅੱਯੂਬ ਨੇ ਆਪਣੇ ਆਪ ਨੂੰ ਪਰਮੇਸ਼ੁਰ ਦੇ ਗੁੱਸੇ ਦੇ ਸ਼ਿਕਾਰ ਦੇ ਰੂਪ ਵਿਚ ਵੇਖਿਆ।
7. **ਉਹ ਦੇ ਜੱਥੇ ਇਕੱਠੇ ਹੋ ਕੇ ਆਉਂਦੇ ਅਤੇ ਮੇਰੇ ਵਿਰੁੱਧ ਆਪਣਾ ਰਾਹ ਤਿਆਰ ਕਰਦੇ ਹਨ, ਅਤੇ ਮੇਰੇ ਤੰਬੂ ਦੇ ਆਲੇ ਦੁਆਲੇ ਡੇਰੇ ਲਾਉਂਦੇ ਹਨ।** ਅੱਯੂਬ ਨੂੰ ਲੱਗਿਆ ਜਿਵੇਂ ਪਰਮੇਸ਼ੁਰ ਦੀ ਸੈਨਾ (ਸ਼ਾਇਦ ਉਸ ਦੇ ਮਿੱਤਰਾਂ) ਨੇ ਉਸ ਨੂੰ ਇਕ ਸ਼ਹਿਰ ਦੇ ਵਾਂਗ ਘੇਰ ਲਿਆ ਸੀ, ਅਤੇ ਉਸ ਦੇ ਵਿਰੁੱਧ ਮੋਰਚੇ (ਦਲੀਲਾਂ) ਬੰਨ੍ਹ ਰਹੇ ਸਨ ਤਾਂ ਕਿ ਉਸ ਨੂੰ ਲਤਾੜ ਸੁੱਟਣ।

ਇਹ ਦੋਸ਼ ਅੱਯੂਬ ਦੇ ਪਰਮੇਸ਼ੁਰ ਤੋਂ ਦੂਰ ਹੋਣ ਦੀਆਂ ਡੂੰਘੀਆਂ ਭਾਵਨਾਵਾਂ ਨੂੰ ਦਰਸਾਉਂਦੇ ਹਨ। ਉਸ ਨੇ ਮਹਿਸੂਸ ਕੀਤਾ ਜਿਵੇਂ ਉਸ ਦੇ ਜੀਵਨ ਦਾ ਸਾਰਾ ਤਰੀਕਾ ਬਦਲ ਗਿਆ ਹੋਵੇ। ਕਿਉਂਕਿ ਉਹ ਹੋਰ ਕੋਈ ਵਿਆਖਿਆ ਨਹੀਂ ਜਾਣਦਾ ਸੀ, ਇਸ ਲਈ ਜ਼ਰੂਰ ਪਰਮੇਸ਼ੁਰ ਹੀ ਇਸ ਸਭ ਦੇ ਪਿੱਛੇ ਸੀ। ਸਮੂਏਲ ਕੋਕਸ ਨੇ ਕਿਹਾ, "ਮਨੁੱਖੀ ਜੀਵਨ ਵਿਚ ਇਸ ਤੋਂ ਭਿਆਨਕ ਚੀਜ਼ ਹੋਰ ਕੋਈ ਨਹੀਂ ਹੈ ਜਿੰਨਾ ਉਸ ਵਿਅਕਤੀ ਦਾ ਦੁਖ ਅਤੇ ਨਿਰਾਸ਼ਾ ਹੈ ਜੋ ਆਪਣੇ ਆਪ ਨੂੰ ਪਰਮੇਸ਼ੁਰ ਦੇ ਰਾਹੀਂ ਛੱਡ ਦਿੱਤਾ ਅਤੇ ਬਰਬਾਦ ਕਰ ਦਿੱਤਾ ਹੋਇਆ ਸਮਝਦਾ ਹੈ-ਜਿਵੇਂ ਕਿ ਉਹ ਜਾਣਦੇ ਹਨ ਕਿ ਜਿਸ ਨੇ ਕਦੀ ਕਿਸੇ ਦੇ ਨਾਲ ਬਹੁਤ ਹੀ ਨੇੜਤਾ ਦੇ ਨਾਲ ਗੱਲਬਾਤ ਕੀਤੀ ਸੀ ਆਸ ਤੋਂ ਹਾਰ ਗਏ ਅਤੇ ਅਜਿਹਾ ਹੋਣ ਤੋਂ ਅਣਜਾਣ ਸੀ।"[10]

"ਮਿੱਤਰ ਅਤੇ ਰਿਸ਼ਤੇਦਾਰ ਮੈਨੂੰ ਨਫ਼ਰਤ ਕਰਦੇ ਹਨ" (19:13-22)

**13 ਉਹ ਨੇ ਮੇਰੇ ਭਰਾ ਮੈਥੋਂ ਦੂਰ ਕਰ ਦਿੱਤੇ, ਅਤੇ ਮੇਰੇ ਜਾਣ ਪਛਾਣ ਮੈਥੋਂ ਬਿਲਕੁਲ
ਬਿਗਾਨੇ ਹੋ ਗਏ। 14 ਮੇਰੇ ਅੰਗ ਸਾਕ ਕੰਮ ਨਾ ਆਏ, ਅਤੇ ਮੇਰੇ ਜਾਣ ਪਛਾਣ ਮੈਨੂੰ ਭੁੱਲ ਗਏ।
15 ਮੇਰੇ ਘਰ ਦੇ ਰਹਿਣ ਵਾਲੇ ਸਗੋਂ ਮੇਰੀਆਂ ਗੋੱਲੀਆਂ ਵੀ ਮੈਨੂੰ ਓਪਰਾ ਗਿਣਦੇ ਹਨ, ਉਨ੍ਹਾਂ
ਦੀ ਨਿਗਾਹ ਵਿੱਚ ਮੈਂ ਪਰਦੇਸੀ ਹਾਂ। 16 ਮੈਂ ਆਪਣੇ ਨੋਕਰ ਨੂੰ ਬੁਲਾਉਂਦਾ ਪਰ ਉਹ ਜਵਾਬ
ਨਹੀਂ ਦਿੰਦਾ, ਮੈਨੂੰ ਆਪਣੇ ਮੂੰਹ ਨਾਲ ਉਹ ਦੀ ਮਿੰਨਤ ਕਰਨੀ ਪੈਂਦੀ ਹੈ। 17 ਮੇਰਾ ਸਾਹ ਮੇਰੀ
ਤੀਵੀਂ ਲਈ ਘਿਣਾਉਣਾ ਹੈ, ਅਤੇ ਮੇਰੀ ਅਰਜੋਈ ਮੇਰੀ ਮਾਂ ਦੇ ਬੱਚਿਆਂ ਲਈ। 18 ਮੁੰਡੇ ਵੀ ਮੈਨੂੰ
ਤੁੱਛ ਜਾਣਦੇ ਹਨ, ਜੇ ਮੈਂ ਉੱਠਾਂ ਤਾਂ ਓਹ ਮੇਰੇ ਉੱਤੇ ਬੋਲੀਆਂ ਮਾਰਦੇ ਹਨ। 19 ਮੇਰੇ ਸਾਰੇ ਬੁੱਕਲ
ਦੇ ਯਾਰ ਮੈਥੋਂ ਸੂਗਦੇ ਹਨ, ਅਤੇ ਮੇਰੇ ਪਿਆਰੇ ਮੈਥੋਂ ਫਿਰ ਗਏ ਹਨ। 20 ਮੇਰੀਆਂ ਹੱਡੀਆਂ
ਮੇਰੀ ਖੱਲ ਅਤੇ ਮੇਰੇ ਮਾਸ ਵਿੱਚ ਸੁੰਗੜ ਗਈਆਂ ਹਨ, ਅਤੇ ਮੈਂ ਆਪਣੇ ਦੰਦਾਂ ਦੀ ਖੱਲ ਨਾਲ
ਬਚ ਗਿਆ। 21 ਹੇ ਮੇਰੇ ਮਿੱਤਰੋ, ਮੇਰੇ ਉੱਤੇ ਤਰਸ ਖਾਓ, ਤਰਸ ਖਾਓ, ਕਿਉਂ ਜੋ ਪਰਮੇਸ਼ੁਰ
ਦੇ ਹੱਥ ਨੇ ਮੈਨੂੰ ਛੋਹਿਆ ਹੈ। 22 ਤੁਸੀਂ ਪਰਮੇਸ਼ੁਰ ਵਾਂਙੁ ਕਿਉਂ ਮੇਰੇ ਪਿੱਛੇ ਪਏ ਹੋ? ਅਤੇ ਮੇਰੇ
ਮਾਸ ਤੇ ਕਿਉਂ ਬੱਸ ਨਹੀਂ ਕਰਦੇ?**

ਅੱਯੂਬ ਨੂੰ ਸਿਰਫ ਇਹੋ ਮਹਿਸੂਸ ਨਹੀਂ ਹੋਇਆ ਕਿ ਉਸ ਨੂੰ ਪਰਮੇਸ਼ੁਰ ਦੇ ਰਾਹੀਂ ਤਿਆਗ ਦਿੱਤਾ ਗਿਆ ਸੀ, ਪਰ ਉਸ ਦੇ ਮਿੱਤਰਾਂ ਅਤੇ ਰਿਸ਼ਤੇਦਾਰਾਂ ਨੇ ਵੀ ਉਸ ਨੂੰ ਛੱਡ ਦਿੱਤਾ ਸੀ। ਸਮੂਏਲ ਕੌਕਸ ਨੇ ਟਿੱਪਣੀ ਕੀਤੀ,

> ਪਰ, ਹਾਲਾਂਕਿ ਇਹ ਇੰਨਾ ਭਿਆਨਕ ਨਹੀਂ ਹੈ, [ਜਿਵੇਂ ਕਿ ਪਰਮੇਸ਼ੁਰ ਦੇ ਰਾਹੀਂ ਤਿਆਗ ਦਿੱਤਾ ਗਿਆ ਹੈ] ਇਹ ਸਵਾਲ ਕੀਤਾ ਜਾ ਸਕਦਾ ਹੈ ਕਿ ਮਨੁੱਖਾਂ ਦੁਆਰਾ ਤਿਆਗ ਦਿੱਤਾ ਜਾਣਾ, ਮਨੁੱਖਾਂ ਦੀ ਹਮਦਰਦੀ ਤੋਂ ਵਾਂਝੇ ਹੋਣਾ, ਅਜੇ ਵੀ ਵਧੇਰੇ ਦਿਲ ਨੂੰ ਦੁਖਾਉਣ ਵਾਲਾ ਅਤੇ ਦੁਖਦਾਈ ਦਰਦ ਨਹੀਂ ਹੈ। ... ਮਨੁੱਖ ਆਪਣੇ ਸਾਥੀਆਂ ਦੇ ਦੁਆਰਾ ਨਾਪਸੰਦ ਕੀਤੇ ਜਾਣ ਅਤੇ ਨਫ਼ਰਤ ਕੀਤੇ ਜਾਣ ਵਿਚ ਨਹੀਂ ਜੀ ਸਕਦਾ ਹੈ।[11]

ਹੈਲੀ ਨੇ ਇਸ ਨੂੰ ਪੁਸਤਕ ਵਿਚਲੇ ਅੱਯੂਬ ਦੇ ਸਭ ਤੋਂ ਹੇਠਲੇ ਦਰਜੇ ਦੇ ਬਿੰਦੂ ਦੇ ਰੂਪ ਵਿਚ ਵੇਖਿਆ।[12]

ਅੱਯੂਬ ਨੇ ਉਨ੍ਹਾਂ ਲੋਕਾਂ ਨੂੰ ਬਾਰਾਂ ਵਰਗਾਂ ਵਿਚ ਸੂਚੀਬੱਧ ਕੀਤਾ ਜੋ ਉਸ ਤੋਂ ਘ੍ਰਿਣਾ ਕਰਦੇ ਸਨ: (1) “ਮੇਰੇ ਭਰਾ,” (2) “ਮੇਰੇ ਜਾਣ ਪਛਾਣ,” (3) “ਮੇਰੇ ਅੰਗ ਸਾਕ,” (4) “ਮੇਰੇ ਜਾਣ ਪਛਾਣ,” (5) “ਮੇਰੇ ਘਰ ਦੇ ਰਹਿਣ ਵਾਲੇ,” (6) “ਮੇਰੀਆਂ ਗੋੱਲੀਆਂ,” (7) “ਮੇਰੇ ਨੌਕਰ,” (8) “ਮੇਰੀ ਤੀਵੀਂ,” (9) ਮੇਰੀ ਮਾਂ ਦੇ ਬੱਚੇ,” (10) “ਮੁੰਡੇ,” (11) “ਮੇਰੇ ਸਾਰੇ ਬੁੱਕਲ ਦੇ ਯਾਰ” ਅਤੇ (12) “ਮੇਰੇ ਪਿਆਰੇ।” ਹੈਲੀ ਨੇ ਕਿਹਾ, “ਜਦੋਂ ਅਸੀਂ ਇਨ੍ਹਾਂ ਦੀ ਸ਼ਮੂਲੀਅਤ ਨੂੰ ਵੇਖਦੇ ਹਾਂ ਜਿਨ੍ਹਾਂ ਨੂੰ ਅੱਯੂਬ ਨੇ ਉਨ੍ਹਾਂ ਲੋਕਾਂ ਦੇ ਰੂਪ ਵਿਚ ਵੇਖਿਆ ਸੀ ਜੋ ਉਸ ਨੂੰ ਛੱਡ ਗਏ ਸਨ... ਤਾਂ ਅਸੀਂ ਇਹ ਪੁੱਛ ਸਕਦੇ ਹਾਂ ਕਿ ਹੋਰ ਕੌਣ ਬਚਿਆ ਸੀ ਜਿਸ ਦੇ ਵੱਲ ਉਹ ਮੁੜ ਸਕਦਾ ਸੀ। ਸਿਰਫ ਪਰਮੇਸ਼ੁਰ ਹੈ, ਜਿਸ ਨੂੰ ਉਹ ਆਪਣੇ ਵਿਰੁੱਧ ਮੰਨਦਾ ਸੀ ਪਰ ਜਿਸ ਨਾਲ ਉਹ ਹਮੇਸ਼ਾ ਚਿੰਬੜਿਆ ਰਿਹਾ।”[13]

ਆਇਤਾਂ 13, 14. ਇਹ ਆਇਤਾਂ ਵਿਚਾਰ ਵਿਚ ਸਮਾਂਤਰ ਹਨ। ਸ਼ਬਦ ਭਰਾ[14] **ਅੰਗ ਸਾਕ** ਦੇ ਸਮਾਂਤਰ ਹੈ, ਜਦ ਕਿ **ਜਾਣ ਪਛਾਣ** ਸ਼ਬਦ **ਜਾਣ ਪਛਾਣ** ਦੇ ਸਮਾਂਤਰ ਹੈ। ਆਇਤ 14 ਵਿਚਲੇ ਰਿਸ਼ਤੇ ਆਇਤ 13 ਵਿਚਲੇ ਰਿਸ਼ਤਿਆਂ ਨਾਲੋਂ ਵਧੇਰੇ ਮਸ਼ਹੂਰ ਹਨ।

ਆਇਤ 15. ਮੇਰੇ ਘਰ ਦੇ ਰਹਿਣ ਵਾਲੇ ਕਿਰਿਆ גּוּר *(ਗੂਰ)* ਦੇ ਇਕ ਅੰਸ਼ਿਕ ਰੂਪ ਦਾ ਅਨੁਵਾਦ ਕਰਦਾ ਹੈ ਅਤੇ “ਮਹਿਮਾਨਾਂ” ਦਾ ਹਵਾਲਾ ਦਿੰਦੇ ਹਨ (NIV; NRSV)। ਤੱਥ ਇਹ ਹੈ ਕਿ ਇਨ੍ਹਾਂ ਨੇ ਅੱਯੂਬ ਦੇ ਨਾਲ **ਇਕ ਅਜਨਬੀ** ਅਤੇ **ਇਕ ਵਿਦੇਸ਼ੀ** ਦੀ ਤਰ੍ਹਾਂ ਸਲੂਕ ਕੀਤਾ। ਬਾਅਦ ਦੇ ਭਾਸ਼ਣ ਵਿਚ, ਅੱਯੂਬ ਨੇ ਕਿਹਾ, “ਪਰਦੇਸੀ [גֵּר, *ਗਾਰ]* ਨੂੰ ਗਲੀ ਵਿਚ ਰਾਤ ਕੱਟਨੀ ਨਾ ਪਈ, ਪਰ ਮੈਂ ਆਪਣੇ ਦਰਵੱਜੇ ਨੂੰ ਰਾਹੀ ਲਈ ਖੋਲ੍ਹਦਾ ਸਾਂ” (31:32)।

ਆਇਤ 16. ਇਕ ਵਫ਼ਾਦਾਰ **ਨੌਕਰ** ਤੁਰੰਤ ਆਪਣੇ ਮਾਲਕ ਨੂੰ ਉੱਤਰ ਦਿੰਦਾ ਹੈ। ਅਕਸਰ ਉਹ ਮਾਲਕ ਦੇ ਇਸ਼ਾਰਿਆਂ ਦਾ ਪਾਲਣ ਕਰਦਾ ਅਤੇ ਬਿਨਾਂ ਸ਼ਬਦ ਬੋਲੇ ਹੀ ਉਸ ਦਾ ਪਾਲਣ ਕਰਦਾ ਹੈ: “ਵੇਖ, ਜਿਵੇਂ ਦਾਸਾਂ ਦੀਆਂ ਅੱਖਾਂ ਆਪਣੇ ਮਾਲਕਾਂ ਦੇ ਹੱਥ ਵੱਲ” (ਜ਼ਬੂਰਾਂ 123:2)। ਪਰ, ਅੱਯੂਬ ਦੇ ਨੌਕਰ ਉਸ ਦੇ ਦੁਆਰਾ **ਬੁਲਾ[ਏ]** ਜਾਣ ਦੇ ਬਾਵਜੂਦ ਵੀ **ਜਵਾਬ** ਨਹੀਂ ਦਿੰਦੇ ਹਨ।

ਆਇਤ 17. ਅੱਯੂਬ ਦਾ ਭੈੜਾ **ਸਾਹ** ਉਸ ਦੀ ਬੀਮਾਰੀ ਦਾ ਨਤੀਜਾ ਸੀ, ਅਤੇ ਇਸ ਨੇ ਉਸ ਨੂੰ ਉਸ ਦੀ **ਤੀਵੀਂ ਲਈ ਘਿਣਾਉਣਾ** ਬਣਾ ਦਿੱਤਾ ਸੀ (ਵੇਖੋ 2:9)। **ਮੇਰੀ ਮਾਂ ਦੇ ਬੱਚਿਆਂ** ਸ਼ਾਬਦਿਕ ਤੌਰ ਤੇ “ਮੇਰੀ [ਮਾਂ ਦੀ] ਕੁੱਖ ਦੇ ਜਾਏ” (ਵੇਖੋ 3:10)। ਅੱਯੂਬ ਦੇ ਪਰਿਵਾਰ ਦੇ ਸਭ ਤੋਂ ਨੇੜੇ ਦੇ ਮੈਂਬਰ-ਉਸ ਦੀ ਪਤਨੀ ਅਤੇ ਭਰਾ-ਉਨ੍ਹਾਂ ਨੇ ਉਸ ਤੋਂ ਮੂੰਹ ਫੇਰ ਲਿਆ (ਵੇਖੋ ਜ਼ਬੂਰਾਂ

69:8)।

ਆਇਤ 18. ਅੱਯੂਬ ਨੇ ਇਕ ਵਾਰ ਜਵਾਨਾਂ ਅਤੇ ਬਜ਼ੁਰਗਾਂ ਦੋਵਾਂ ਤੋਂ ਬਰਾਬਰ ਦੇ ਆਦਰ ਦਾ ਅਨੰਦ ਲਿਆ ਸੀ; ਉਹ ਉਸ ਦੇ ਸਨਮਾਨ ਵਿਚ ਖੜੇ ਹੋ ਜਾਂਦੇ, ਚੁੱਪ-ਚਾਪ ਰਹਿੰਦੇ, ਅਤੇ ਉਸ ਦੀ ਹਿਦਾਇਤ ਨੂੰ ਸੁਣਦੇ ਸਨ (29:7-11)। ਪਰ, ਇਸ ਸਮੇਂ, ਇੱਥੋਂ ਤੱਕ ਕਿ **ਮੁੰਡੇ** - ਜਿਨ੍ਹਾਂ ਨੂੰ ਸਾਰੇ ਬਜ਼ੁਰਗਾਂ ਦਾ ਆਦਰ ਕਰਨਾ ਸਿਖਾਇਆ ਗਿਆ ਸੀ - ਉਹ ਵੀ ਉਸ ਨੂੰ ਤੁੱਛ ਸਮਝਦੇ ਸਨ।

ਆਇਤ 19. ਮੇਰੇ ਸਾਰੇ ਬੁੱਕਲ ਦੇ ਯਾਰ ਦਾ ਅਨੁਵਾਦ "ਦੋਸਤਾਂ ਦੇ ਘੇਰੇ ਵਿਚ ਆਉਣ ਵਾਲੇ ਸਾਰੇ ਲੋਕ" ਜਾਂ "ਸਭਾ ਵਿਚਲੇ ਸਾਰੇ ਲੋਕ।" ਹਾਰਟਲੇ ਨੇ ਟਿੱਪਣੀ ਕੀਤੀ, "ਜਿਨ੍ਹਾਂ ਨਾਲ ਉਹ ਸਥਾਨਕ *ਕੌਂਸਲ* ਦੇ ਸੱਤਾਧਾਰੀ ਮੈਂਬਰਾਂ ਦੇ ਰੂਪ ਵਿਚ ਬੈਠਾ ਸੀ ਅਤੇ ਜਿਨ੍ਹਾਂ ਨਾਲ ਉਸ ਨੇ ਭਰੋਸਾ ਕਰ ਕੇ ਮਹੱਤਵਪੂਰਣ ਮਾਮਲਿਆਂ ਤੇ ਚਰਚਾ ਕੀਤੀ ਸੀ।"[15]

ਆਇਤ 20. ਆਪਣੇ ਪਰਿਵਾਰ ਅਤੇ ਦੋਸਤਾਂ ਦੇ ਵਿਛੋੜੇ ਤੇ ਪੂਰੀ ਤਰ੍ਹਾਂ ਦੇ ਨਾਲ ਅਫ਼ਸੋਸ ਕਰਨ ਤੋਂ ਬਾਅਦ, ਅੱਯੂਬ ਆਪਣੀ ਅੱਤ ਬੁਰੀ ਸਰੀਰਕ ਸਥਿਤੀ ਵੱਲ ਮੁੜਿਆ। ਉਹ ਕੇਵਲ **ਖੱਲ** ਅਤੇ **ਹੱਡੀ**[ਆਂ] ਹੀ ਸੀ (ਵੇਖੋ 16:8; 33:21)। ਇਹ ਹੈਰਾਨੀ ਦੀ ਗੱਲ ਸੀ ਕਿ ਉਹ ਅਜੇ ਵੀ ਜੀਉਂਦਾ ਸੀ!

ਆਇਤ 21. ਹੇ ਮੇਰੇ ਮਿੱਤਰੋ, ਮੇਰੇ ਉੱਤੇ ਤਰਸ ਖਾਓ, ਤਰਸ ਖਾਓ, ਕਿਉਂ ਜੋ ਪਰਮੇਸ਼ੁਰ ਦੇ ਹੱਥ ਨੇ ਮੈਨੂੰ ਛੋਹਿਆ ਹੈ।" ਹੈਲੀ ਨੇ ਕਿਹਾ ਕਿ ਸ਼ਾਇਦ ਇਹ ਆਇਤ "ਪੁਸਤਕ ਦੀ ਸਭ ਤੋਂ ਦੁਖਦਾਇਕ ਰੋਣਾ ਹੈ।[16] ਸ਼ਬਦ "ਤਰਸ" (חָנַן, *ਚਾਨਨ)* ਦਾ ਅਰਥ ਹੈ ਦਯਾ ਦਿਖਾਉਣੀ ਜਾਂ ਕਿਸੇ ਦੇ ਬਾਰੇ ਸੋਚਣ ਅਤੇ ਉਸ ਨੂੰ ਛੱਡ ਦੇਣ ਦੇ ਦੁਆਰਾ ਕਿਸੇ ਤੇ ਕਿਰਪਾ ਕਰਨੀ।[17] ਅੱਯੂਬ ਨੇ ਆਪਣੇ ਨਾਲ ਦੇ ਲੋਕਾਂ ਰਾਹੀਂ ਹਮਦਰਦੀ ਭਰੇ ਸ਼ਬਦ ਦੀ ਘਾਟ ਦੇ ਕਾਰਨ ਆਪਣੇ ਉਸ ਦੁਖ ਨੂੰ ਵੇਖਿਆ ਜੋ ਸਹਿਣ ਤੋਂ ਪਰੇ ਸੀ।

ਆਇਤ 22. ਉਸ ਨੂੰ ਦਿਲਾਸਾ ਦੇਣ ਦੀ ਬਜਾਇ, ਮਿੱਤਰਾਂ ਨੇ ਆਪਣੇ ਭਾਸ਼ਣਾਂ ਦੇ ਦੁਆਰਾ ਉਸ ਉੱਤੇ ਹਮਲਾ ਕੀਤਾ ਸੀ (19:28)। ਅੱਯੂਬ ਨੇ ਉਨ੍ਹਾਂ ਦੀ ਤੁਲਨਾ **ਪਰਮੇਸ਼ੁਰ** ਉਸ ਦੇ ਦੁਆਰਾ ਉਸ ਤੇ ਕੀਤੇ ਜਾਣ ਵਾਲੇ ਹਮਲਿਆਂ ਦੇ ਨਾਲ ਕੀਤੀ। ਉਨ੍ਹਾਂ ਨੇ ਸ਼ਿਕਾਰ ਦੀ ਭਾਲ ਵਿਚ ਲੱਗੇ ਹੋਏ ਜੰਗਲੀ ਜਾਨਵਰਾਂ ਦੇ ਵਾਂਗ ਕੰਮ ਕੀਤਾ ਸੀ (16:9)।

"ਮੈਂ ਮੇਰੇ ਨਿਸਤਾਰਾ ਦੇਣ ਵਾਲੇ ਤੇ ਭਰੋਸਾ ਕਰਾਂਗਾ" (19:23-29)

23ਕਾਸ਼ ਕਿ ਹੁਣ ਮੇਰੀਆਂ ਗੱਲਾਂ ਲਿਖੀਆਂ ਜਾਂਦੀਆਂ। ਕਾਸ਼ ਕਿ ਪੋਥੀ ਵਿੱਚ ਉਨ੍ਹਾਂ ਦੀ ਲਿਖਤ ਹੁੰਦੀ, 24ਕਿ ਓਹ ਲੋਹੇ ਦੀ ਲਿਖਣ ਨਾਲ ਤੇ ਸਿੱਕੇ ਨਾਲ ਸਦਾ ਲਈ ਚਟਾਨ ਵਿੱਚ ਉੱਕਰੀਆਂ ਜਾਂਦੀਆਂ। 25ਮੈਂ ਤਾਂ ਜਾਣਦਾ ਹਾਂ ਭਈ ਮੇਰਾ ਨਿਸਤਾਰਾ ਦੇਣ ਵਾਲਾ ਜੀਉਂਦਾ ਹੈ, ਅਤੇ ਓੜਕ ਨੂੰ ਉਹ ਖ਼ਾਕ ਉੱਤੇ ਖੜਾ ਹੋਵੇਗਾ, 26ਅਤੇ ਆਪਣੀ ਇਸ ਖੱਲ ਦੇ ਨਾਸ ਹੋਣ ਦੇ ਮਗਰੋਂ ਮੈਂ ਆਪਣੇ ਮਾਸ ਤੋਂ ਬਿਨਾ ਪਰਮੇਸ਼ੁਰ ਨੂੰ ਵੇਖਾਂਗਾ, 27ਜਿਹ ਨੂੰ ਮੈਂ ਆਪਣੀ ਵੱਲ ਵੇਖਾਂਗਾ, ਅਤੇ ਮੇਰੀਆਂ ਅੱਖਾਂ ਵੇਖਣਗੀਆਂ, ਕਿ ਉਹ ਗੈਰ ਨਹੀਂ, - ਮੇਰੇ ਗੁਰਦੇ ਮੇਰੇ ਵਿੱਚੋਂ ਨਾਸ ਹੋ ਗਏ। 28ਜੇ ਤੁਸੀਂ ਆਖੋ ਭਈ ਕਿੱਦਾਂ ਅਸੀਂ ਉਹ ਦੇ ਪਿੱਛੇ ਪਵਾਂਗੇ। ਭਾਵੇਂ ਈ ਮੁੱਢ ਦੀ ਗੱਲ ਮੇਰੇ ਵਿੱਚ ਪਾਈ ਜਾਵੇ, - 29ਤਾਂ ਤੁਸੀਂ ਤਲਵਾਰ ਦੀ ਧਾਰ ਤੋਂ ਡਰੋ, ਕਿਉਂ ਜੋ ਕਹਿਰ ਤਲਵਾਰ ਦੇ ਡੰਨਾਂ ਜੋਗ ਹੈ, ਤਾਂ ਜੋ ਤੁਸੀਂ ਜਾਣ ਲਓ ਭਈ ਅਦਾਲਤ ਹੁੰਦੀ ਹੈ।

ਅੱਯੂਬ ਦੇ ਵਿਰਲਾਪ ਦੇ ਇਸ ਸਭ ਤੋਂ ਹੇਠਲੇ ਦਰਜੇ ਦੇ ਬਿੰਦੂ ਤੇ ਉਸ ਦੇ ਵਿਸ਼ਵਾਸ ਅਤੇ

ਸਹੀ ਸਾਬਤ ਹੋਣ ਦੇ ਨਿਹਚੇ ਦਾ ਸਭ ਤੋਂ ਸ਼ਾਨਦਾਰ ਕਥਨ ਪੁਸਤਕ ਵਿਚ ਪਾਇਆ ਜਾਂਦਾ ਹੈ। ਕੌਕਸ ਨੇ ਕਿਹਾ ਕਿ ਇਹ ਪੈਰਾ "ਆਕਰਸ਼ਤ ਕਰਦਾ ਹੈ, ਕਿਉਂਕਿ ਇਹ ਹਨੇਰੇ ਵਿਚੋਂ ਚਾਨਣ ਦੇ ਵਾਂਗ ਪ੍ਰਸੰਗ ਦੇ ਵਿਚੋਂ ਟੁੱਟਦਾ ਹੈ; ਇਹ ਮੈਦਾਨ ਤੋਂ ਉੱਪਰ ਉੱਠਦਾ ਅਤੇ ਇਸ ਤੇ ਬੁਰਜ ਬਣ ਜਾਂਦਾ ਹੈ, ਜਿਵੇਂ ਮੈਦਾਨ ਵਿਚੋਂ ਇਕ ਪਹਾੜ ਖੜ੍ਹਾ ਹੋ ਜਾਵੇ।"[18] ਇਨ੍ਹਾਂ ਆਇਤਾਂ ਵਿਚ ਪਾਠ ਸੰਬੰਧੀ ਮੁਸ਼ਕਲਾਂ ਹਨ, ਪਰ ਐਂਡਰਸਨ ਨੇ ਹੀ ਠੀਕ ਹੀ ਕਿਹਾ ਹੈ, "ਪਾਠ ਦੀਆਂ ਮੁਸ਼ਕਲਾਂ ਦੇ ਸਥਿਰ ਹੋਣ ਦੇ ਲਈ ਅੱਯੂਬ ਦੇ ਵਿਸ਼ਵਾਸ ਦੀ ਨਿਸ਼ਚਤਤਾ ਨੂੰ ਡੁਬਾਉਣ ਦੀ ਕੋਈ ਲੋੜ ਨਹੀਂ ਹੈ।"[19] ਇਹ ਹਵਾਲਾ ਬਹੁਤ ਹੀ ਸਾਵਧਾਨੀ ਨਾਲ ਕੀਤੀ ਗਈ ਵਿਆਖਿਆ ਦੀ ਮੰਗ ਕਰਦਾ ਹੈ।[20]

ਆਇਤ 23. ਭਾਸ਼ਾ ਇਸ ਗੱਲ ਨੂੰ ਦਰਸਾਉਂਦੀ ਹੈ ਕਿ ਅੱਯੂਬ ਇਕ ਮਹੱਤਵਪੂਰਣ ਬਿਆਨ ਦੇਣ ਵਾਲਾ ਸੀ। ਉਸ ਨੇ ਇਸ ਗੱਲ ਦੀ ਇੱਛਾ ਜਤਾਈ ਕਿ ਉਸ ਦੀਆਂ **ਗੱਲਾਂ** ਆਉਣ ਵਾਲੀਆਂ ਪੀੜ੍ਹੀਆਂ ਦੇ ਲਈ **ਲਿਖੀਆਂ ਜਾਂਦੀਆਂ**। ਸ਼ਬਦ **ਪੋਥੀ** (סֵפֶר, *ਸੀਪਰ)* ਕਿਸੇ ਵੀ ਕਿਸਮ ਦੇ ਲਿਖਤੀ ਰਿਕਾਰਡ ਦਾ ਹਵਾਲਾ ਦੇ ਸਕਦੀ ਹੈ। ਇਸ ਨੂੰ ਇਕ "ਚਰਮ ਪੱਤਰ" (NIV; NCV) ਜਾਂ ਇਕ "ਸਮਾਰਕ" (NJB; NLT) ਦੇ ਰੂਪ ਵਿਚ ਸਮਝਿਆ ਜਾ ਸਕਦਾ ਹੈ।

ਆਇਤ 24. ਅੱਯੂਬ ਉਨ੍ਹਾਂ ਗੱਲਾਂ ਦੇ ਸਥਾਈ ਰਿਕਾਰਡ ਦੀ ਕਾਮਨਾ ਕਰਦਾ ਹੈ ਜਿਨ੍ਹਾਂ ਦੀ ਉਹ ਘੋਸ਼ਣਾ ਕਰਨ ਵਾਲਾ ਸੀ: **ਕਿ ਓਹ ਲੋਹੇ ਦੀ ਲਿਖਣ ਨਾਲ ਤੇ ਸਿੱਕੇ ਨਾਲ ਸਦਾ ਲਈ ਚਟਾਨ ਵਿਚ ਉੱਕਰੀਆਂ ਜਾਂਦੀਆਂ**। ਪ੍ਰਾਚੀਨ ਨੇੜਲੇ ਪੂਰਬ ਦੇ ਲੋਕਾਂ ਨੇ, ਕਾਨੂੰਨ ਸਥਾਪਤ ਕਰਨ, ਹੱਦਾਂ ਨੂੰ ਨਿਸ਼ਾਨਬੱਧ ਕਰਨ ਅਤੇ ਮਹਾਨ ਉਪਲਬਧੀਆਂ ਅਤੇ ਮੌਕਿਆਂ ਦੀ ਯਾਦਗਾਰ ਦੇ ਲਈ ਪੱਥਰ ਦੇ ਸਮਾਰਕਾਂ ਨੂੰ ਉੱਕਰਿਆ, ਜਿਨ੍ਹਾਂ ਨੂੰ ਸਟੀਲੇ ਕਿਹਾ ਜਾਂਦਾ ਸੀ। ਸ਼ਿਲਾਲੇਖ ਕਈ ਵਾਰ "ਲੋਹੇ ਦੀ ਛੈਣੀ ਨਾਲ ਉੱਕਰੇ ਅਤੇ ਸੀਸੇ ਨਾਲ ਭਰੇ ਜਾਂਦੇ ਸਨ" (NLT)।[21]

ਆਇਤ 25. ਮੈਂ ਤਾਂ ਜਾਣਦਾ ਹਾਂ ਭਈ ਮੇਰਾ ਨਿਸਤਾਰਾ ਦੇਣ ਵਾਲਾ ਜੀਉਂਦਾ ਹੈ, ਅਤੇ ਓੜਕ ਨੂੰ ਉਹ ਖ਼ਾਕ ਉੱਤੇ ਖੜਾ ਹੋਵੇਗਾ। "ਅਤੇ ਜਿਵੇਂ ਮੇਰੇ ਲਈ" "ਅਤੇ ਮੈਂ" ਸ਼ਾਬਦਿਕ ਹੈ। ਮੂਲ ਇਬਰਾਨੀ ਭਾਸ਼ਾ ਇਸ ਨੂੰ ਜ਼ੋਰ ਦੀ ਸਥਿਤੀ ਵਿਚ ਰੱਖਿਆ ਗਿਆ ਹੈ। ਇਸ ਦਾ ਅਰਥ ਇਹ ਹੈ ਕਿ ਇਸ ਦੇ ਬਾਅਦ ਜੋ ਗੱਲ ਕੀਤੀ ਜਾਂਦੀ ਹੈ ਉਹ ਬੁਲਾਰੇ ਦੇ ਪੁਸ਼ਟੀਕਰਣ ਦੇ ਦੁਆਰਾ ਸਪੱਸ਼ਟ ਕੀਤੀ ਜਾਂਦੀ ਹੈ। ਅੱਗੇ ਅੱਯੂਬ ਨੇ ਕਿਹਾ, "ਮੈਂ ਤਾਂ ਜਾਣਦਾ ਹਾਂ।" ਉਸ ਨੇ ਇਹ ਨਹੀਂ ਕਿਹਾ "ਮੈਨੂੰ ਆਸ ਹੈ" ਜਾਂ "ਮੈਂ ਸੋਚਦਾ ਹਾਂ," ਪਰ "ਮੈਂ ਤਾਂ ਜਾਣਦਾ ਹਾਂ"! ਜੌਨ ਡੀ. ਡਬਲਿਯੂ. ਵਾਟਸ ਨੇ ਸਮਝਾਇਆ,

> ਅੱਯੂਬ ਹੁਣ ਵਿਅਕਤੀਗਤ ਗਿਆਨ ਦੇ ਇਕ ਮਜ਼ਬੂਤ ਤੱਥ ਦਾ ਦਾਅਵਾ ਕਰਦਾ ਹੈ: "ਮੈਂ ਤਾਂ ਜਾਣਦਾ ਹਾਂ।" ਕਿਰਿਆ ਨਿਸ਼ਚਤ ਕਾਲ ਵਿਚ ਹੈ ਜੋ ਨਿਸ਼ਚਤਤਾ ਨੂੰ ਦਰਸਾ ਰਹੀ ਹੈ। "ਜਾਣਦਾ ਹਾਂ" ਦੇ ਲਈ ਕਿਰਿਆ ਕਿਸੇ ਤੱਥ ਦੇ ਗਿਆਨ ਨੂੰ ਦਰਸਾ ਸਕਦੀ ਹੈ, ਪਰ ਇਸ ਦਾ ਸਭ ਤੋਂ ਵੱਧ ਉਪਯੋਗ ਕਿਸੇ ਵਿਅਕਤੀ ਨੂੰ ਜਾਨਣ ਦੇ ਲਈ ਕੀਤਾ ਜਾ ਸਕਦਾ ਹੈ।[22]

ਹਾਰਟਲੀ ਨੇ ਟਿੱਪਣੀ ਕੀਤੀ,

> ਅੱਯੂਬ ਅਚਾਨਕ ਆਪਣੀ ਇੱਛਾ ਪੂਰਣ ਸੋਚ ਨੂੰ ਤੋੜ ਦਿੰਦਾ ਹੈ ਅਤੇ ਆਪਣੀ ਗਹਿਰੀ ਸਜ਼ਾ ਦਾ ਐਲਾਨ ਕਰਦਾ ਹੈ। ਸਿਰਲੇਖ ਦੇ ਨਾਲ *ਮੈਂ ਤਾਂ ਜਾਣਦਾ ਹਾਂ* ... ਅੱਯੂਬ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਉਸ ਦਾ ਵਿਸ਼ਵਾਸ ਦ੍ਰਿੜ ਅਤੇ ਨਿਰਣਾਇਕ ਹੈ। ਜਦ ਕਿ ਹੁਣੇ ਉਹ ਕਲਪਨਾਤਮਕ ਤੌਰ ਤੇ ਬੋਲ ਰਿਹਾ ਹੈ, ਪਰ ਹੁਣ ਉਹ ਭਰੋਸੇ ਨਾਲ ਬੋਲਦਾ ਹੈ।[23]

ਸ਼ਬਦ "ਮੁਕਤੀਦਾਤੇ" (גֹּאֵל, *ਗੋਇਲ)* ਦਾ ਅਨੁਵਾਦ "ਬਚਾਉਣ ਵਾਲਾ" (NJPSV), "ਬਦਲਾ ਲੈਣ ਵਾਲਾ" (JB) ਅਤੇ "ਰੱਖਿਅਕ" (NJB) ਵੀ ਕੀਤਾ ਜਾ ਸਕਦਾ ਹੈ। ਮਾਰਵਿਨ ਐੱਚ. ਪੋਪ, ਇਸ ਸ਼ਬਦ ਦੀ ਇਕ ਉੱਤਮ ਸੰਖੇਪ ਜਾਣਕਾਰੀ ਦਿੰਦੇ ਹੋਏ, ਇਹ ਕਿਹਾ:

> ਇਹ ਸਭ ਤੋਂ ਨਜ਼ਦੀਕੀ ਰਿਸ਼ਤੇਦਾਰ ਨੂੰ ਨਾਮਜ਼ਦ ਕਰਦਾ ਹੈ ਜਿਸ ਨੂੰ ਖੂਨ ਦੇ ਝਗੜੇ ਵਿਚ ਸਹੀ ਬਦਲਾ ਲੈਣ ਦੀ ਜ਼ਿੰਮੇਵਾਰੀ ਦਿੱਤੀ ਗਈ ਸੀ [ਬਿਵਸਥਾ ਸਾਰ 19:6-12; 2 ਸਮੂਏਲ 14:11] ਜਾਂ ਨਹੀਂ ਤਾਂ ਆਪਣੇ ਨਜ਼ਦੀਕੀ ਰਿਸ਼ਤੇਦਾਰ ਨੂੰ ਗੁਲਾਮੀ ਤੋਂ ਅਜ਼ਾਦ ਕਰਵਾਉਣ ਦੇ ਲਈ ਉਸ ਦੇ ਵਿਆਜ ਦਾ ਧਿਆਨ ਰੱਖਣਾ [ਲੇਵੀਆਂ 25:48] ਜਾਂ ਪਰਿਵਾਰ ਦੀ ਜਾਇਦਾਦ ਨੂੰ ਮੁੜ ਪ੍ਰਾਪਤ ਕਰਨਾ [ਲੇਵੀਆਂ 25:25], ਪ੍ਰਤਿਨਿਧੀ ਦੇ ਰਾਹੀਂ ਮ੍ਰਿਤਕ ਆਦਮੀ ਨੂੰ ਵਾਰਸ ਦੇਣ ਦੇ ਲਈ ਉਸ ਦੀ ਵਿਧਵਾ ਨੂੰ ਲੈਣਾ ਵੀ ਸ਼ਾਮਲ ਸੀ [ਰੂਥ 4:4-6]। ਇਸ ਤਰ੍ਹਾਂ ਗੋਇਲ ਵਿਧਵਾ ਅਤੇ ਯਤੀਮ ਦਾ ਰੱਖਿਅਕ ਹੁੰਦਾ ਹੈ, ਪੀੜਿਤ ਦਾ ਚੈਂਪੀਅਨ ਹੁੰਦਾ ਹੈ [ਕਹਾਉਤਾਂ 23:10-11]।[24]

ਜਦ ਕਿ ਟਿੱਪਣੀਕਾਰਾਂ ਨੇ ਮੁਕਤੀਦਾਤਾ ਨੂੰ ਪਰਮੇਸ਼ੁਰ ਦੇ ਇਲਾਵਾ ਇਕ ਏਜੰਟ ਸਮਝਿਆ ਹੈ। ਪਰ ਰੋਬਰਟ ਗੋਰਡਿਸ ਨੇ ਪਛਾਣ ਦੇ ਲਈ ਪਰਮੇਸ਼ੁਰ ਦੇ ਇਲਾਵਾ ਹੋਰ ਕੋਈ ਨਹੀਂ ਹੋਣ ਦੀ ਦਲੀਲ ਦਿੱਤੀ ਹੈ। ਉਸ ਨੇ ਕਿਹਾ ਕਿ ਇਕ ਇਬਰਾਨੀ ਪਾਠਕ ਇਕ ਰਹੱਸਮਈ ਵਿਅਕਤੀ ਦੀ ਕਲਪਨਾ ਨਹੀਂ ਕਰ ਸਕਦਾ ਸੀ ਜਿਸ ਦੇ ਕੋਲ ਪਰਮੇਸ਼ੁਰ ਅਤੇ ਅੱਯੂਬ ਨੂੰ ਨਿਆਂ ਦੇ ਲਈ ਬੁਲਾਉਣ ਅਤੇ ਅੱਯੂਬ ਨੂੰ ਸੱਚਾ ਠਹਿਰਾਉਣ ਦੀ ਸ਼ਕਤੀ ਹੁੰਦੀ। ਉਸ ਨੇ ਕਿਹਾ,

> ਬਾਈਬਲ ਲੇਖਕ ਦੇ ਵਿਚਾਰ ਅਜਿਹੀ ਵਿਆਖਿਆ ਅਸੰਭਵ ਹੈ; ਅਜਿਹਾ ਵਿਚਾਰ ਕਿ ਪਰਮੇਸ਼ੁਰ ਤੋਂ ਵੱਧ ਕੇ ਕੋਈ ਸ਼ਕਤੀਸ਼ਾਲੀ ਹੋ ਸਕਦਾ ਹੈ, ਇਕ ਇਬਰਾਨੀ ਵਿਚਾਰਕ ਦੇ ਲਈ ਨਿੰਦਾ ਤੋਂ ਵੱਧ ਕੇ ਹੈ-ਇਹ ਪਰਮ ਮੂਰਖਤਾ ਹੋਵੇਗੀ।[25]

ਗੋਰਡਿਸ ਨੇ ਇਹ ਵੀ ਟਿੱਪਣੀ ਕੀਤੀ ਕਿ, ਅੱਯੂਬ ਦੇ ਦੋਵਾਂ ਭਾਸ਼ਣਾਂ ਵਿਚ, ਦੋ ਵਿਸ਼ਿਆਂ ਨੂੰ ਇਕ ਦੂਸਰੇ ਤੇ ਪ੍ਰਤਿਕੂਲ ਬਿੰਦੂਆਂ ਦੇ ਨਾਲ ਬਣਾਇਆ ਗਿਆ ਹੈ: ਸ਼ਕਤੀ ਦਾ ਪਰਮੇਸ਼ੁਰ ਅਤੇ ਨਿਆਂ ਅਤੇ ਪ੍ਰੇਮ ਦਾ ਪਰਮੇਸ਼ੁਰ। ਇਸ ਹਵਾਲੇ ਵਿਚ ਉਹ ਵਿਸ਼ੇ ਇਕ ਮਹਾਨ ਚੜ੍ਹਤ ਦੇ ਨਾਲ ਇਕਜੁਟ ਹੋ ਗਏ ਹਨ।[26]

"ਮੇਰਾ ਨਿਸਤਾਰਾ ਦੇਣ ਵਾਲਾ *ਜੀਉਂਦਾ* ਹੈ"! ਅੱਯੂਬ ਦੀ ਕਮਜ਼ੋਰੀ ਦੇ ਉਲਟ ਨਿਸਤਾਰਾ ਦੇਣ ਵਾਲੇ ਦੀ ਸਥਿਰਤਾ ਤੇ ਜ਼ੋਰ ਦਿੱਤਾ ਗਿਆ ਹੈ। ਅੱਯੂਬ ਜਾਣਦਾ ਸੀ ਕਿ ਉਹ ਮਰ ਜਾਵੇਗਾ, ਪਰ ਉਸ ਤੋਂ ਬਾਅਦ ਵੀ ਉਸ ਦਾ ਨਿਸਤਾਰਾ ਦੇਣ ਵਾਲਾ ਨਿਰੰਤਰ ਜੀਉਂਦਾ ਰਹੇਗਾ। ਜਾਰਜ ਬੁਚਨਾਨ ਗ੍ਰੇ ਨੇ ਕਿਹਾ ਕਿ "ਇਕ ਵਿਅਕਤੀ ਜੋ ਸਦਾ ਦੇ ਲਈ ਜੀਉਂਦਾ ਰਹੇਗਾ ਉਹ ਸਦਾ ਦੇ ਲਈ ਅੱਯੂਬ ਨੂੰ ਸੱਚਾ ਠਹਿਰਾਵੇਗਾ।"[27] ਇਹ ਮਹੱਤਵਪੂਰਣ ਹੈ ਕਿ ਯਸਾਯਾਹ ਨੇ "ਦਿਲਾਸੇ ਦੀ ਪੁਸਤਕ" ਵਿਚ ਮੁਕਤੀਦਾਤੇ ਦੇ ਰੂਪ ਵਿਚ ਪਰਮੇਸ਼ੁਰ ਤੇ ਬਹੁਤ ਜ਼ੋਰ ਦਿੱਤਾ ਹੈ (ਯਸਾਯਾਹ 40-66)। ਉਨ੍ਹਾਂ ਅਧਿਆਇਆਂ ਵਿਚ ਤੇਰਾਂ ਵਾਰ ਪਰਮੇਸ਼ੁਰ ਨੂੰ "ਨਿਸਤਾਰਾ ਦੇਣ ਵਾਲਾ ਕਿਹਾ ਗਿਆ ਹੈ (ਯਸਾਯਾਹ 41:14; 43:14; 44:6, 24; 47:4; 48:17; 49:7, 26; 54:5, 8; 59:20; 60:16; 63:16)।

"ਅਤੇ ਓੜਕ ਨੂੰ ਉਹ ਖ਼ਾਕ ਉੱਤੇ ਖੜ੍ਹਾ ਹੋਵੇਗਾ" ਸੰਭਾਵਤ ਤੌਰ ਤੇ ਮੁਕਤੀਦਾਤੇ ਦਾ ਹਵਾਲਾ ਦੇ ਰਿਹਾ ਹੈ ਜੋ ਵਿਚਾਰੇ ਜਾ ਰਹੇ ਵਿਸ਼ਿਆਂ ਤੇ ਆਖਰੀ ਨਿਆਂ ਦੇਵੇਗਾ। ਹਾਰਟਲੇ ਨੇ ਸੋਚਿਆ ਕਿ ਇਹ ਅੱਯੂਬ ਦੀ ਮੌਤ ਤੋਂ ਪਹਿਲਾਂ ਹੋ ਜਾਵੇਗਾ।[28] ਇਸ ਦੇ ਉਲਟ, ਐੱਚ. ਐੱਚ.

ਰੌਲੀ ਨੇ ਕਿਹਾ, "ਇਸ ਲਈ ਅਜਿਹਾ ਲੱਗਦਾ ਹੈ ਕਿ ਮੌਤ ਤੋਂ ਬਾਅਦ ਉਸ ਦੀ ਉਮੀਦ ਸਹੀ ਸੀ।"[29]

ਆਇਤਾਂ 26, 27. ਅਤੇ ਆਪਣੀ ਇਸ ਖੱਲ ਦੇ ਨਾਸ ਹੋਣ ਦੇ ਮਗਰੋਂ ਮੈਂ ਆਪਣੇ ਮਾਸ ਤੋਂ ਬਿਨਾ ਪਰਮੇਸ਼ੁਰ ਨੂੰ ਵੇਖਾਂਗਾ, ਜਿਹ ਨੂੰ ਮੈਂ ਆਪਣੀ ਵੱਲ ਵੇਖਾਂਗਾ, ਅਤੇ ਮੇਰੀਆਂ ਅੱਖਾਂ ਵੇਖਣਗੀਆਂ, ਕਿ ਉਹ ਗੈਰ ਨਹੀਂ, - ਮੇਰੇ ਗੁਰਦੇ ਮੇਰੇ ਵਿੱਚੋਂ ਨਾਸ ਹੋ ਗਏ। ਵਿਆਕਰਣ ਸਬੰਧੀ, ਵਾਕ-ਰਚਨਾ ਸਬੰਧੀ ਅਤੇ ਵਿਆਖਿਆ ਸਬੰਧੀ ਮੁਸ਼ਕਲਾਂ ਦੇ ਕਾਰਨ ਇਨ੍ਹਾਂ ਆਇਤਾਂ ਦੀ ਵਿਆਖਿਆ ਕਰਨਾ ਮੁਸ਼ਕਲ ਹੈ। ਅਕਸਰ ਵਿਆਖਿਆ ਕਰਨ ਵਾਲਿਆਂ ਦੇ ਦੁਆਰਾ ਇਸ ਗੱਲ ਤੇ ਚਰਚਾ ਕੀਤੀ ਗਈ ਹੈ ਕਿ ਇਸ ਪੂਰਵ ਸਰਗੀ ਵਾਕ "ਮੈਂ ਆਪਣੇ ਮਾਸ ਤੋਂ ਬਿਨਾਂ" (מִבְּשָׂרִי, *ਮੀਬੇਬੇਸਾਰੀ)* ਦਾ ਅਨੁਵਾਦ ਕਿਵੇਂ ਕੀਤਾ ਜਾ ਸਕਦਾ ਹੈ। ਪ੍ਰਸੰਗ ਤੋਂ ਇਹ ਸਪੱਸ਼ਟ ਹੈ; ਕਿ ਇਹ ਸੱਚਾਈ ਹੈ ਕਿ ਅੱਯੂਬ ਨੇ "ਪਰਮੇਸ਼ੁਰ ਨੂੰ ਵੇਖਾਂਗਾ" ਦੀ ਆਸ ਰੱਖੀ ਸੀ। ਪਰ, ਇਹ ਪ੍ਰਸ਼ਨ "ਕਦੋਂ?" ਇਕ ਸਮੱਸਿਆ ਹੈ। ਕੀ ਇਹ ਉਸ ਦੇ ਜੀਉਂਦੇ ਜੀ ਹੋਵੇਗਾ ਜਾਂ ਉਸ ਦੇ ਮਰਨ ਤੋਂ ਬਾਅਦ?

ਏ. ਬੀ. ਡੇਵਿਡਸਨ ਨੇ ਇਸ ਬਿੰਦੂ ਦੀ ਇਕ ਸ਼ਾਨਦਾਰ ਚਰਚਾ ਲਿਖੀ। ਉਸ ਨੇ ਇਸ ਵਾਕ ਦੇ ਸਮਰਥਨ ਵਿਚ ਮੌਤ ਦੇ ਬਾਅਦ ਦੀ ਸੋਚ ਨੂੰ ਸ਼ਾਮਲ ਕਰਨ ਦੇ ਲਈ ਕਈ ਦਲੀਲਾਂ ਦੀ ਸੂਚੀ ਬਣਾਈ: (1) ਅੱਯੂਬ ਦਾ ਦਿਮਾਗ ਇਸ ਸੋਚ ਤੇ ਕੇਂਦ੍ਰਿਤ ਸੀ ਕਿ ਉਹ ਪਰਮੇਸ਼ੁਰ ਨੂੰ ਵੇਖੇਗਾ; ਇੱਥੇ ਜਾਂ ਕਿਸੇ ਹੋਰ ਸਥਾਨ ਤੇ ਇਹ ਮੁੱਖ ਬਿੰਦੂ ਨਹੀਂ ਹੈ। (2) ਅੱਯੂਬ ਨੇ ਇਸ ਜੀਵਨ ਵਿਚ ਆਪਣੀ ਤੰਦਰੁਸਤੀ ਅਤੇ ਖੁਸ਼ਹਾਲੀ ਦੇ ਬਹਾਲ ਹੋਣ ਦਾ ਅੰਦਾਜ਼ਾ ਨਹੀਂ ਲਗਾਇਆ ਸੀ। (3) *ਗੋਇਲ* ("ਨਿਸਤਾਰਾ ਦੇਣ ਵਾਲਾ") ਸ਼ਬਦ ਮਰ ਜਾਣ ਵਾਲੇ ਦੇ ਨਿਸਤਾਰਾ ਦੇਣ ਵਾਲੇ ਨੂੰ ਦਰਸਾਉਂਦਾ ਹੈ। (4) ਆਇਤ 25 ਵਿਚ ਵਿਸ਼ੇਸ਼ਣ חָי *(ਚੈਅ)* ਹੈ, ਜਿਸ ਦਾ ਸ਼ਾਬਦਿਕ ਅਰਥ "ਜੀਉਂਦਾ" ਹੈ, ਜੋ *ਗੋਇਲ* ਦੇ ਜੀਉਂਦੇ ਅਤੇ ਅੱਯੂਬ ਦੇ ਮਰੇ ਵਿਚ ਵਿਰੋਧਤਾਈ ਦਾ ਸੁਝਾਅ ਦਿੰਦਾ ਹੈ। (5) ਅੱਯੂਬ ਆਮ ਤੌਰ ਤੇ ਪਹਿਲੇ ਵਿਚਾਰਾਂ ਨੂੰ, ਆਮ ਤੌਰ ਤੇ ਜਾਂ ਅਸਪੱਸ਼ਟ ਤੌਰ ਤੇ ਸੁੱਟ ਦਿੰਦਾ ਹੈ, ਜਿਸ ਦਾ ਉਸ ਨੇ ਬਾਅਦ ਵਿਚ ਵਿਸਥਾਰ ਕੀਤਾ। (6) ਇਸ ਗੱਲ ਨੂੰ ਮੰਨਣ ਦਾ ਕੋਈ ਅਧਾਰ ਨਹੀਂ ਹੈ ਕਿ ਅੱਯੂਬ ਨੇ ਪਰਮੇਸ਼ੁਰ ਦੇ ਪੂਰਨ ਤੌਰ ਤੇ ਆਤਮਕ ਦਰਸ਼ਨ ਦੀ ਖੋਜ ਕੀਤੀ।[30] ਡੇਵਿਡਸਨ ਨੇ ਸਿੱਟਾ ਕੱਢਿਆ,

> ਪਰਮੇਸ਼ੁਰ ਦੇ ਨਾਲ ਸ਼ਾਂਤੀ ਵਿਚ ਉਸ ਦੀ ਮੁਲਾਕਾਤ ਦੇ ਦਰਸ਼ਨ ਨੇ ਅੱਯੂਬ ਦੇ ਮਨ ਨੂੰ ਸ਼ਾਂਤੀ ਦੇ ਨਾਲ ਭਰ ਦਿੱਤਾ, ਕਿ ਜੋ ਮੁੱਢਲੀਆਂ ਚਿੰਤਾਵਾਂ ਇਕ ਸ਼ਾਂਤ ਮਨ ਵਿਚ ਆਉਣਗੀਆਂ ਅਤੇ ਜੋ ਤੁਰੰਤ ਸਾਡੇ ਨਾਲ ਵਾਪਰਣਗੀਆਂ, ਉਹ ਉਸ ਦੇ ਖਿਆਲਾਂ ਵਿਚ ਨਹੀਂ ਸਨ। ਫਿਰ ਵੀ ਮੈਨੂੰ ਨਹੀਂ ਪਤਾ ਪਰ ਅੱਯੂਬ ਦੇ ਦਿਮਾਗ ਵਿਚ ਉਹ ਸਾਰੀਆਂ ਧਾਰਮਿਕ ਜ਼ਰੂਰੀ ਚੀਜ਼ਾਂ ਮੌਜੂਦ ਸਨ ਜੋ ਅਸੀਂ ਭਵਿੱਖ ਦੇ ਜੀਵਨ ਦੇ ਨਾਲ ਜੋੜਦੇ ਹਾਂ।[31]

ਬਿਲੀ ਕੈਨੇਥ ਸਮਿਥ ਨੇ ਬੁੱਕ ਆਫ਼ ਜਾੱਬ ਵਿਚ ਆਉਣ ਵਾਲੇ ਜੀਵਨ ਦੇ ਵਿਸ਼ੇ ਨੂੰ ਇਕ ਡਾਕਟਰੋਲ ਨਿਬੰਧ ਦਾ ਅਧਾਰ ਬਣਾਇਆ। ਜਾਂਚ ਦੇ ਅਧੀਨ ਹਵਾਲੇ ਦੇ ਬਾਰੇ ਉਸ ਦੇ ਜਾਣੇ ਗਏ ਸਿੱਟੇ ਵਜੋਂ ਇਹ ਸੀ: ਅੱਯੂਬ ਨੇ ਸੋਚਿਆ ਸੀ ਕਿ, ਉਸ ਦੀ ਮੌਤ ਤੋਂ ਬਾਅਦ, ਉਹ ਪਰਮੇਸ਼ੁਰ ਨੂੰ ਵੇਖੇਗਾ, ਉਸ ਦੀ ਧਾਰਮਿਕਤਾ ਦੀ ਘੋਸ਼ਣਾ ਕੀਤੀ ਜਾਵੇਗੀ, ਅਤੇ ਧਰਤੀ ਦੀਆਂ ਸਾਰੀਆਂ ਗਲਤੀਆਂ ਨੂੰ ਦੂਰ ਕੀਤਾ ਜਾਵੇਗਾ।[32] ਮੇਰਾ ਸਿੱਟਾ ਇਹ ਹੈ ਕਿ ਭਵਿੱਖ ਦੇ ਜੀਵਨ ਦਾ ਇਕ ਨਵਾਂ ਵਿਚਾਰ ਅੱਯੂਬ ਦੀ ਪੁਸਤਕ ਵਿਚ ਪਾਇਆ ਜਾਂਦਾ ਹੈ।

ਇਨ੍ਹਾਂ ਆਇਤਾਂ ਵਿਚ "ਵੇਖਣ"/"ਵੇਖੋ" ਦੇ ਲਈ ਦੋ ਇਬਰਾਨੀ ਸ਼ਬਦਾਂ ਦੀ ਵਰਤੋਂ ਕੀਤੀ

ਗਈ ਹੈ। ਪਹਿਲਾਂ (חָזָה, *ਚਜ਼ਾਹ)* ਦੋਵਾਂ ਆਇਤਾਂ ਵਿਚ ਆਉਂਦਾ ਹੈ। ਇਹ ਸ਼ਬਦ ਅਕਸਰ "ਇਕ ਦਰਸ਼ਨ ਵਿਚ ਵੇਖਣ" ਨੂੰ ਦਰਸਾਉਂਦਾ ਹੈ। ਕੋਕਸ ਨੇ ਮੁੱਖ ਤੌਰ ਤੇ "ਆਤਮਕ ਦਰਸ਼ਨ"[33] ਤੇ ਧਿਆਨ ਦੇਣ ਦੇ ਲਈ ਕਿਹਾ। ਕਿਉਂਕਿ ਇਹ רָאָה *(ਰਾਹ)* ਦੀ ਸਮਾਨਤਾ ਵਿਚ ਪਰਗਟ ਹੁੰਦਾ ਹੈ, ਸ਼ਾਇਦ *ਅੰਦਾਜ਼* ਦੀ ਤੁਲਨਾ ਵਿਚ ਵੇਖਣ ਦੇ *ਤੱਥ* ਤੇ ਵਧੇਰੇ ਧਿਆਨ ਦਿੱਤਾ ਜਾਣਾ ਚਾਹੀਦਾ ਹੈ।[34]

ਇਨ੍ਹਾਂ ਆਇਤਾਂ ਵਿਚ ਅੱਯੂਬ ਪਰਮੇਸ਼ੁਰ ਦੁਆਰਾ ਆਪਣਾ ਨਿਸਤਾਰਾ ਕੀਤੇ ਜਾਣ ਦੀ ਆਸ ਦੇ ਉੱਚੇ ਕਗਾਰ ਤੇ ਪਹੁੰਚ ਗਿਆ। ਇਹ "ਵਿਸ਼ਵਾਸ ਦੀ ਕਮੀ" ਸਿਰਫ ਕੁਝ ਪਲਾਂ ਦੇ ਲਈ ਹੀ ਅੱਯੂਬ ਉੱਤੇ ਆਪਣਾ ਅਸਰ ਵਿਖਾ ਸਕੀ ਸੀ। ਸ਼ਾਇਦ ਇਹ ਉਸ ਦੇ ਵਿਚ ਉਦੋਂ ਤੱਕ ਰਿਹਾ ਜਦੋਂ ਤਕ ਪਰਮੇਸ਼ੁਰ ਨੇ ਉਸ ਦੇ ਨਾਲ ਗੱਲਬਾਤ ਕਰਨ ਦੇ ਅਨੁਭਵ ਵਿਚ ਵੇਖਣ ਦੀ ਉਸ ਦੀ ਬੇਨਤੀ ਨੂੰ ਸਵੀਕਾਰ ਨਾ ਕਰ ਲਿਆ - ਅਤੇ ਇਸ ਤਰ੍ਹਾਂ ਇਸ ਗੱਲ ਨੂੰ ਨਿਸ਼ਚਤ ਕੀਤਾ ਗਿਆ ਕਿ ਪਰਮੇਸ਼ੁਰ ਉਸ ਦਾ ਨਿਸਤਾਰਾ ਦੇਣ ਵਾਲਾ ਹੈ। ਇਸ ਨੇ ਪਰਮੇਸ਼ੁਰ ਦੇ ਪੂਰਨ ਦਰਸ਼ਨ ਦਾ ਰਸਤਾ ਤਿਆਰ ਕੀਤਾ ਜੋ ਪੁਸਤਕ ਦੇ ਸਭ ਤੋਂ ਉੱਚ ਦਰਜੇ ਦੇ ਪਰਮੇਸ਼ੁਰ ਦੇ ਭਾਸ਼ਣਾਂ ਵਿਚ ਆਵੇਗਾ।

ਆਇਤਾਂ 28, 29. ਇਹ ਆਇਤਾਂ ਇਕ ਸ਼ਰਤੀਆ ਬਿਆਨ ਦਿੰਦੀਆਂ ਹਨ ("ਜੇ ... ਤਾਂ")। **ਜੇ ਤੁਸੀਂ ਆਖੋ ਭਈ ਕਿੱਦਾਂ ਅਸੀਂ ਉਹ ਦੇ ਪਿੱਛੇ ਪਵਾਂਗੇ! ਭਾਵੇਂ ਈ ਮੁੱਢ ਦੀ ਗੱਲ ਮੇਰੇ ਵਿਚ ਪਾਈ ਜਾਵੇ,** ਅਯੂਬ ਨੇ ਮਿੱਤਰਾਂ ਨੂੰ ਉਸ ਦੇ ਖਿਲਾਫ਼ ਜਲਦਬਾਜ਼ੀ ਵਾਲੇ, ਅਤੇ ਸਤਹੀ ਫੈਸਲੇ ਲੈਣ ਦੇ ਬਾਰੇ ਚੇਤਾਵਨੀ ਦਿੱਤੀ। ਕਿਰਿਆ "ਕਹਿਰ" (רָדַף, *ਰੈਡੈਪ)* ਆਇਤ 22 ਤੋਂ ਦੁਹਰਾਇਆ ਗਿਆ ਹੈ, ਜੋ ਇਕੋ ਵਿਸ਼ੇ ਨਾਲ ਸਬੰਧ ਰੱਖਦਾ ਹੈ। ਕਿਸੇ ਤੇ ਝੂਠਾ ਦੋਸ਼ ਲਾਉਣਾ ਇਕ ਗੰਭੀਰ ਪਾਪ ਹੈ (ਕੂਚ 20:16; 23:1, 7)।

ਤਾਂ ਤੁਸੀਂ ਤਲਵਾਰ ਦੀ ਧਾਰ ਤੋਂ ਡਰੋ, ਕਿਉਂ ਜੋ ਕਹਿਰ ਤਲਵਾਰ ਦੇ ਡੰਨਾਂ ਜੋਗ ਹੈ, ਤਾ ਜੋ ਤੁਸੀਂ ਜਾਣ ਲਓ ਭਈ ਅਦਾਲਤ ਹੁੰਦੀ ਹੈ! ਅੱਯੂਬ ਦੇ ਦੋਸਤਾਂ ਦਾ ਨਿਆਂ ਉਨ੍ਹਾਂ ਦੇ ਉੱਤੇ ਪਰਮੇਸ਼ੁਰ ਦੇ ਨਿਆਂ ਨੂੰ ਲਿਆ ਸਕਦਾ ਸੀ। "ਤਲਵਾਰ" ਜਾਨਲੇਵਾ ਵਾਰਾਂ ਦਾ ਪ੍ਰਤੀਕ ਹੈ ਜੋ ਪਰਮੇਸ਼ੁਰ ਉਸ ਦੇ ਦੁਸ਼ਮਣਾਂ ਦੇ ਵਿਰੁੱਧ ਪਰਮੇਸ਼ੁਰ ਦਾ ਪੱਧਰ ਹੈ (ਲੇਵੀਆਂ 26:25; ਬਿਵਸਥਾ ਸਾਰ 32:41, 42; ਯਸਾਯਾਹ 66:16)।

ਪ੍ਰਾਸੰਗਿਕਤਾ

ਅਸੀਂ ਨਿਸ਼ਚਤ ਤੌਰ ਤੇ ਕੀ ਜਾਣਦੇ ਹਾਂ? (ਅਧਿਆਇ 19)

ਫ੍ਰੈਂਚ ਭੌਤਿਕ-ਵਿਗਿਆਨੀ ਜੀਨ-ਬੈਪਟਿਸਟ ਲੇਰੋਏ ਨੂੰ 1789 ਵਿਚ ਲਿਖੀ ਇਕ ਚਿੱਠੀ ਵਿਚ, ਬੈਨਜਾਮਿਨ ਫ੍ਰੈਂਕਲਿਨ ਨੇ ਇਕ ਕਥਨ ਲਿਖਿਆ ਸੀ ਜੋ ਸਾਲਾਂ ਤੋਂ ਅਮਰ ਹੈ। ਆਪਣੇ ਮਿੱਤਰ ਨੂੰ ਲਿਖਦੇ ਹੋਏ, ਬੈਨ ਫ੍ਰੈਂਕਲਿਨ ਨੇ ਕਿਹਾ, "ਸਾਡਾ ਸਵਿਧਾਨ ਅਸਲ ਸੰਚਾਲਨ ਵਿਚ ਹੈ; ਸਭ ਕੁਝ ਇਹ ਵਾਇਦਾ ਕਰਦਾ ਪ੍ਰਤੀਕ ਹੁੰਦਾ ਹੈ ਕਿ ਇਹ ਕਾਇਮ ਰਹੇਗਾ; ਪਰ ਇਸ ਸੰਸਾਰ ਵਿਚ *ਕੁਝ ਵੀ ਨਿਸ਼ਚਤ ਨਹੀਂ ਹੈ ਸਿਰਫ ਮੌਤ ਅਤੇ ਟੈਕਸ ਨਿਸ਼ਚਤ ਹੈ* "[35] (ਜ਼ੋਰ ਦਿੱਤਾ ਗਿਆ ਹੈ)।

1789 ਵਿਚ, ਅਮਰੀਕਾ ਇਕ ਨਵਾਂ ਦੇਸ ਸੀ ਅਤੇ ਲੋਕਤੰਤਰ ਨੇ ਇਹ ਸਾਬਤ ਨਹੀਂ ਕੀਤਾ ਸੀ ਕਿ ਇਹ ਕੰਮ ਕਰੇਗਾ ਅਤੇ ਸਮੇਂ ਦੀ ਕਸੌਟੀ ਤੇ ਵੀ ਬਹੁਤ ਘੱਟ ਪੂਰਾ ਉੱਤਰੇਗਾ। ਜਦਕਿ ਉਮੀਦ ਹੈ ਕਿ ਲੋਕ ਆਪਣੇ ਆਪ ਨੂੰ ਨਿਯੰਤਰਿਤ ਕਰ ਸਕਦੇ ਹਨ, ਪਰ ਬੈਨ

ਫ੍ਰੈਂਕਲਿਨ ਨੂੰ ਇਹ ਵਿਸ਼ਵਾਸ ਨਹੀਂ ਹੋ ਸਕਿਆ ਕਿ ਸਾਡਾ ਸਵਿਧਾਨ ਸਮੇਂ ਦੇ ਨਾਲ ਨਾਲ ਚੱਲ ਸਕੇਗਾ। ਪਰ, ਫ੍ਰੈਂਕਲਿਨ ਨਿਸ਼ਚਤ ਸੀ ਆਖਿਰਕਾਰ ਹਰੇਕ ਅਮਰੀਕੀ ਮਰ ਜਾਵੇਗਾ ਅਤੇ ਅਮਰੀਕੀਆਂ ਦੇ ਉੱਤੇ ਸਦਾ ਟੈਕਸ ਵੀ ਲਗਾਇਆ ਜਾਵੇਗਾ। ਸਮੇਂ ਨੇ ਇਸ ਗੱਲ ਨੂੰ ਸਾਬਤ ਕਰ ਦਿੱਤਾ ਕਿ ਟੈਕਸਾਂ ਦੇ ਵਿਸ਼ੇ ਵਿਚ ਫ੍ਰੈਂਕਲਿਨ ਸਹੀ ਸੀ, ਅਤੇ, ਉਨ੍ਹਾਂ ਲੋਕਾਂ ਨੂੰ ਛੱਡ ਕੇ ਜੋ ਪ੍ਰਭੂ ਦੀ ਆਮਦ ਦੇ ਸਮੇਂ ਜੀਉਂਦੇ ਹੋਣਗੇ, ਫ੍ਰੈਂਕਲਿਨ ਮੌਤ ਦੇ ਵਿਸ਼ੇ ਵਿਚ ਵੀ ਸਹੀ ਸੀ। ਇਬਰਾਨੀਆਂ 9:27 ਵਿਚ ਇਸ ਸਿਧਾਂਤ ਨੂੰ ਸਪਸ਼ੱਟ ਤੌਰ ਤੇ ਦੱਸਿਆ ਗਿਆ ਹੈ। ਹਾਲਾਂਕਿ ਬੈਨ ਫ੍ਰੈਂਕਲਿਨ, ਗਲਤ ਸੀ, ਜਦੋਂ ਉਸ ਨੇ ਕਿਹਾ ਕਿ "[ਹੋਰ] ਕੁਝ ਵੀ ਨਿਸ਼ਚਤ ਨਹੀਂ ਹੈ।"

ਕੁਝ ਵਿਸ਼ਿਆਂ ਦੇ ਬਾਰੇ ਸ਼ੱਕ ਹੋਣਾ ਮਨੁੱਖੀ ਸੁਭਾਅ ਹੈ, ਅਤੇ ਸ਼ੱਕ ਸਧਾਰਣ ਹਨ। ਪਰਮੇਸ਼ੁਰ ਨੇ ਇਕ ਪੰਝੱਤਰ ਸਾਲਾਂ ਦੇ ਅਬਰਾਹਾਮ ਨੂੰ ਦੱਸਿਆ ਕਿ ਉਹ ਉਸ ਨੂੰ ਇਕ ਬੱਚਾ ਦੇਣ ਜਾ ਰਿਹਾ ਸੀ। ਇਕ ਪਰਮੇਸ਼ੁਰ ਸੀ ਜਿਸ ਨੇ ਇਹ ਬਿਆਨ ਦਿੱਤਾ ਸੀ ਅਤੇ ਉਹ ਝੂਠ ਨਹੀਂ ਬੋਲ ਸਕਦਾ। ਉਤਪਤ 15:6 ਕਹਿੰਦੀ ਹੈ ਕਿ ਅਬਰਾਹਾਮ ਨੇ ਵਿਸ਼ਵਾਸ ਕੀਤਾ। ਪਰ, ਇਸ ਕਥਨ ਤੋਂ ਬਾਅਦ ਦੀਆਂ ਦੋ ਆਇਤਾਂ ਵਿਚ ਪਵਿੱਤਰ ਬਾਈਬਲ ਕਹਿੰਦੀ ਹੈ ਕਿ ਫਿਰ ਅਬਰਾਹਾਮ ਦੇ ਆਪਣੇ ਸ਼ੱਕ ਸਨ। ਜਦੋਂ ਸਾਰਾਹ ਨੇ ਉਸ ਵਾਇਦੇ ਦੇ ਵਿਸ਼ੇ ਵਿਚ ਸੁਣਿਆ, ਤਾਂ ਉਹ ਹੱਸੀ ਕਿਉਂਕਿ ਉਸ ਦੇ ਮਨ ਦੇ ਅੰਦਰ ਉਸ ਦੇ ਆਪਣੇ ਸ਼ੱਕ ਸਨ। ਗਿਦਾਊਨ ਦੇ ਅੰਦਰ ਵੀ ਸ਼ੱਕ ਸਨ ਕਿ ਜੇਕਰ ਉਸ ਨੇ ਆਗੂ ਹੋਣ ਦੀ ਭੂਮਿਕਾ ਨੂੰ ਸਵੀਕਾਰ ਕਰ ਲਿਆ ਤਾਂ ਕੀ ਜਿਸ ਆਗੂਪੁਣੇ ਦੇ ਲਈ ਪਰਮੇਸ਼ੁਰ ਉਸ ਨੂੰ ਬੁਲਾ ਰਿਹਾ ਹੈ ਉਸ ਦੇ ਵਿਚ ਪਰਮੇਸ਼ੁਰ ਸੱਚਮੁੱਚ ਉਸ ਦੇ ਨਾਲ ਹੋਵੇਗਾ ਕਿ ਨਹੀਂ। ਇਸ ਤੋਂ ਪਹਿਲਾਂ ਕਿ ਉਸ ਨੂੰ ਯਕੀਨ ਹੋ ਜਾਂਦਾ ਕਿ ਪਰਮੇਸ਼ੁਰ ਆਪਣੇ ਸ਼ਬਦਾਂ ਨੂੰ ਪੂਰਾ ਕਰੇਗਾ ਗਿਦਾਊਨ ਨੇ ਕਈ ਨਿਸ਼ਾਨਾਂ ਨੂੰ ਵੇਖਣ ਦੇ ਲਈ ਮੰਗਿਆ (ਨਿਆਈਆਂ 6:17)। ਸ਼ੁਰੂ ਵਿਚ, ਯੂਹੰਨਾ ਬਪਤਿਸਮਾ ਦੇਣ ਵਾਲੇ ਨੂੰ ਯਕੀਨ ਹੋ ਗਿਆ ਸੀ ਕਿ ਯਿਸੂ ਪਰਮੇਸ਼ੁਰ ਦਾ ਮੇਮਣਾ ਸੀ (ਯੂਹੰਨਾ 1:36); ਪਰ ਬਾਅਦ ਵਿਚ, ਜਦੋਂ ਉਹ ਜੇਲ ਵਿਚ ਸੀ, ਤਾਂ ਯੂਹੰਨਾ ਦੇ ਮਨ ਦੇ ਅੰਦਰ ਸ਼ੱਕ ਸਨ (ਮੱਤੀ 11:2, 3)। ਰਸੂਲਾਂ ਦੇ ਕਰਤੱਬ ਅਧਿਆਇ 10 ਵਿਚ, ਪਰਮੇਸ਼ੁਰ ਨੂੰ ਤਿੰਨ ਵਾਰ ਪਤਰਸ ਨੂੰ ਵਿਖਾਉਣਾ ਅਤੇ ਬੋਲਣਾ ਪਿਆ ਕਿ ਪਤਰਸ ਦੇ ਲਈ ਇਹ ਬਿਲਕੁਲ ਠੀਕ ਹੈ ਕਿ ਉਹ ਜਾਵੇ ਅਤੇ ਉਹੀ ਕਰੇ ਜੋ ਕਰਨ ਦੇ ਲਈ ਪਰਮੇਸ਼ੁਰ ਨੇ ਉਸ ਨੂੰ ਹਿਦਾਇਤ ਦਿੱਤੀ ਸੀ।

ਸ਼ੱਕ ਆਮ ਗੱਲ ਹੈ ਅਤੇ ਉਨ੍ਹਾਂ ਸ਼ੱਕਾਂ ਦੇ ਨਾਲ ਲੜਨਾ ਪਰੇਸ਼ਾਨ ਕਰਨ ਵਾਲਾ ਹੋ ਸਕਦਾ ਹੈ। ਅਸੀਂ ਨਿਸ਼ਚਤ ਹੋਣ ਦੇ ਲਈ ਕੀ ਜਾਣਦੇ ਹਾਂ? ਬਾਈਬਲ ਦੇ ਕਿਹੜੇ ਸਿਧਾਂਤ ਹਨ ਜਿਨ੍ਹਾਂ ਨੂੰ ਅਸੀਂ ਸਦੀਪਕ ਕਾਲ ਦੇ ਲਈ ਆਪਣੀ ਕਿਸਮਤ ਤੇ ਲਾਗੂ ਕਰਾਂਗੇ ਅਤੇ 100 ਪ੍ਰਤੀਸ਼ਤ ਦ੍ਰਿੜ੍ਹਤਾ ਦੇ ਨਾਲ ਦੱਸਾਂਗੇ ਕਿ ਅਸੀਂ ਜਾਣਦੇ ਹਾਂ ਕਿ ਇਹ ਸੱਚ ਹੈ? ਜਦੋਂ ਅਸੀਂ ਆਪਣੇ ਸ਼ੱਕਾਂ ਦੇ ਅਤੇ ਲੜਦੇ ਅਤੇ ਆਖਿਰਕਾਰ ਉਹ ਸੱਚਾਈ ਸਾਹਮਣੇ ਆਉਂਦੀ ਹੈ ਜਿਸ ਤੇ ਅਸੀਂ ਵਿਸ਼ਵਾਸ ਕਰਦੇ ਹਾਂ। ਅੱਯੂਬ ਦੀ ਪੁਸਤਕ ਸ਼ੱਕਾਂ ਦੇ ਨਾਲ ਜੂਝਣ ਦੀ ਇਕ ਪ੍ਰਮੁੱਖ ਉਦਾਹਰਣ ਹੈ। ਆਪਣੇ ਸੰਘਰਸ਼ ਦੇ ਰਾਹੀਂ, ਅੱਯੂਬ ਆਖਿਰਕਾਰ ਇਹ ਨਿਰਧਾਰਤ ਕਰੇਗਾ ਕਿ ਉਹ ਨਿਸ਼ਚਤ ਤੌਰ ਤੇ ਕੀ ਜਾਣਦਾ ਸੀ। ਆਪਣੇ ਮੁਕਤੀਦਾਤੇ ਦੇ ਵਿਸ਼ੇ ਵਿਚ ਉਸ ਦੀ ਨਿਸ਼ਚਤਤਾ ਉਸ ਨੂੰ ਕਾਇਮ ਰੱਖੇਗੀ ਅਤੇ ਉਸ ਦੇ ਭਿਆਨਕ ਪਰੀਖਿਆ ਵਿਚ ਉਸ ਦੀ ਅਗਵਾਈ ਕਰੇਗੀ।

ਅੱਯੂਬ ਦੇ ਸੰਘਰਸ਼। ਅਠਾਰਾਂ ਅਧਿਆਵਾਂ ਦੇ ਲਈ, ਅੱਯੂਬ ਨੇ ਸੰਘਰਸ਼ ਕੀਤਾ ਅਤੇ ਲੜਿਆ ਕਿ ਸਾਰੀਆਂ ਭਿਆਨਕ ਚੀਜ਼ਾਂ ਉਸ ਦੇ ਨਾਲ ਕਿਉਂ ਵਾਪਰੀਆਂ ਸਨ। ਭਾਵੇਂ ਉਹ ਧਰਮੀ, ਪਰਮੇਸ਼ੁਰ ਦਾ ਡਰ ਮੰਨਣ ਵਾਲਾ ਮਨੁੱਖ ਸੀ, ਪਰ ਅੱਯੂਬ ਦੁਖਾਂ ਦਾ ਸਾਹਮਣਾ ਕਰਨ ਤੋਂ ਮੁਕਤ ਨਹੀਂ ਸੀ। ਉਹ ਬਿਨਾਂ ਕਿਸੇ ਚੇਤਾਵਨੀ ਦੇ, ਉਹ ਸਭ ਕੁਝ ਗੁਆ ਚੁੱਕਾ ਸੀ ਜੋ ਉਸ

ਦੇ ਲਈ ਕੀਮਤੀ ਸੀ। ਫਿਰ ਉਸ ਦੇ ਸਰੀਰ ਤੇ ਦਰਦਨਾਕ ਜ਼ਖਮਾਂ ਦੇ ਰਾਹੀਂ ਹਮਲਾ ਕੀਤਾ ਗਿਆ।ਉਸ ਦੇ ਮਿੱਤਰ ਉਸ ਨੂੰ ਦਿਲਾਸਾ ਦੇਣ ਦੇ ਲਈ ਆਏ ਸਨ। ਇਕ ਹਫਤੇ ਦੀ ਚੁੱਪ ਤੋਂ ਬਾਅਦ, ਉਨ੍ਹਾਂ ਨੇ ਉਸ ਤੇ ਕਠੋਰ ਪਾਪ ਕਰਨ ਦੇ ਦੋਸ਼ ਲਗਾਉਣੇ ਸ਼ੁਰੂ ਕਰ ਦਿੱਤੇ ਜਿਸ ਦੇ ਨਤੀਜੇ ਵਜੋਂ ਪਰਮੇਸ਼ੁਰ ਉਸ ਨੂੰ ਸਜ਼ਾ ਦੇ ਰਿਹਾ ਸੀ। ਅੱਯੂਬ ਨੇ ਕਿਹਾ, "ਉਹ ਨੇ ਮੇਰੇ ਭਰਾ ਮੈਥੋਂ ਦੂਰ ਕਰ ਦਿੱਤੇ, ਅਤੇ ਮੇਰੇ ਜਾਣ ਪਛਾਣ ਮੈਥੋਂ ਬਿਲਕੁਲ ਬਿਗਾਨੇ ਹੋ ਗਏ। ਮੇਰੇ ਅੰਗ ਸਾਕ ਕੰਮ ਨਾ ਆਏ, ਅਤੇ ਮੇਰੇ ਜਾਣ ਪਛਾਣ ਮੈਨੂੰ ਭੁੱਲ ਗਏ" (19:13, 14)। ਅੱਯੂਬ ਦੀ ਦੁਖੀ ਪਤਨੀ ਨੇ ਪਹਿਲਾਂ ਉਸ ਨੂੰ ਪੁੱਛਿਆ ਸੀ ਕਿ ਉਹ ਕਿਉਂ ਆਪਣੀ ਧਾਰਮਿਕਤਾ ਨੂੰ ਅਜੇ ਤੱਕ ਫੜੀ ਬੈਠਾ ਹੈ। ਇਸ ਬਿੰਦੂ ਤੇ, ਉਸ ਨੇ ਕਿਹਾ ਕਿ ਉਸ ਦਾ "ਸਾਹ [ਉਸ ਦੀ] ਪਤਨੀ ਦੇ ਲਈ ਘਿਣਾਉਣਾ [ਸੀ]" (19:17)। ਇਸ ਭਿਆਨਕ ਸਰੀਰਕ ਅਤੇ ਭਾਵਨਾਤਮਕ ਦਰਦ ਵਿਚ ਸੁਆਹ ਤੇ ਬੈਠ ਕੇ, ਅੱਯੂਬ ਨੇ ਕਿਹਾ, "ਮੇਰੀਆਂ ਹੱਡੀਆਂ ਮੇਰੀ ਖੱਲ ਅਤੇ ਮੇਰੇ ਮਾਸ ਵਿੱਚ ਸੁੰਗੜ ਗਈਆਂ ਹਨ, ਅਤੇ ਮੈਂ ਆਪਣੇ ਦੰਦਾਂ ਦੀ ਖੱਲ ਅਤੇ ਮੇਰੇ ਮਾਸ ਵਿਚ ਸੁੰਗੜ ਗਈਆਂ ਹਨ, ਅਤੇ ਮੈਂ ਆਪਣੇ ਦੰਦਾਂ ਦੀ ਖੱਲ ਨਾਲ ਬਚ ਗਿਆ! ਹੇ ਮੇਰੇ ਮਿੱਤਰੋ, ਮੇਰੇ ਉੱਤੇ ਤਰਸ ਖਾਓ, ਤਰਸ ਖਾਓ" (19:20, 21)। ਅੱਯੂਬ ਦਾ ਆਤਮਾ ਤਬਾਹ ਹੋ ਗਿਆ ਸੀ, ਅਤੇ ਉਸ ਨੂੰ ਮਹਿਸੂਸਸ ਹੋਇਆ ਜਿਵੇਂ ਉਹ ਮਰਨ ਵਾਲਾ ਸੀ (17:1)।

ਅੱਯੂਬ ਨੇ ਨਿਸ਼ਚਤਤਾ ਦੇ ਨਾਲ ਕਿਹਾ ਕਿ ਉਹ ਕੀ ਜਾਣਦਾ ਅਤੇ ਮੰਨਦਾ ਸੀ। ਇਸ ਭਿਆਨਕ ਦੁਖ ਅਤੇ ਦਰਦ ਦੇ ਵਿਚਕਾਰ, ਹਨੇਰੇ ਦੇ ਵਿਚੋਂ ਇਕ ਰੌਸ਼ਨੀ ਦੀ ਕਿਰਨ ਫੁੱਟ ਪਈ। ਅੱਯੂਬ ਨੇ ਆਪਣੇ ਮਿੱਤਰਾਂ ਵੱਲ ਵੇਖਿਆ, ਅਤੇ ਉਸ ਨੇ ਵਿਸ਼ਵਾਸ ਦਾ ਇਕ ਵੱਡਾ ਬਿਆਨ ਦਿੱਤਾ। ਅੱਯੂਬ ਚਾਹੁੰਦਾ ਸੀ ਕਿ ਉਸ ਦੇ ਨਿੰਦਕ ਦੋਸਤ ਉਸ ਦੇ ਵਿਸ਼ਵਾਸ ਦੀ ਇਸ ਘੋਸ਼ਣਾ ਨੂੰ ਸੁਣਨ, ਅਤੇ ਉਹ ਚਾਹੁੰਦਾ ਸੀ ਕਿ ਉਹ ਇਸ ਨੂੰ ਲਿਖ ਲੈਣ ਤਾਂ ਕਿ ਇਸ ਨੂੰ ਹਮੇਸ਼ਾ ਦੇ ਲਈ ਪੜ੍ਹਿਆ ਜਾ ਸਕੇ (19:23)। ਅੱਯੂਬ ਚਾਹੁੰਦਾ ਸੀ ਕਿ ਇਸ ਵਿਚ ਕੋਈ ਸ਼ੱਕ ਨਾ ਰਹੇ ਕਿ ਉਹ ਕੀ ਵਿਸ਼ਵਾਸ ਕਰਦਾ ਸੀ ਅਤੇ ਉਹ ਕਿਸ ਵਿਚ ਵਿਸ਼ਵਾਸ ਕਰਦਾ ਸੀ। ਉਸ ਨੇ ਇਸ ਗੱਲ ਦੀ ਘੋਸ਼ਣਾ ਕੀਤੀ, "ਮੈਂ ਤਾਂ ਜਾਣਦਾ ਹਾਂ ਭਈ ਮੇਰਾ ਨਿਸਤਾਰਾ ਦੇਣ ਵਾਲਾ ਜੀਉਂਦਾ ਹੈ" (19:25)। ਧਿਆਨ ਨਾਲ ਵੇਖੋ ਕਿ ਉਸ ਨੇ ਕੀ ਕਿਹਾ ਸੀ।

"ਮੈਂ" - ਇਹ ਵਿਅਕਤੀਗਤ ਵਿਸ਼ਵਾਸ ਦਾ ਕਥਨ ਹੈ। ਅੱਯੂਬ ਦੀ ਪਤਨੀ ਦਾ ਜੋ ਵਿਸ਼ਵਾਸ ਸੀ ਉਹ ਉਸ ਨੂੰ ਇਸ ਕਠੋਰ ਪਰੀਖਿਆ ਦੇ ਵਿੱਚੋਂ ਪਾਰ ਨਹੀਂ ਕਰੇਗਾ। ਅੱਯੂਬ ਦੇ ਮਿੱਤਰਾਂ ਦਾ ਵਿਸ਼ਵਾਸ ਉਸ ਨੂੰ ਬਚਾ ਨਹੀਂ ਸਕਦਾ ਸੀ। ਉਸ ਦੇ ਦੇਸ ਦੇ ਲੋਕ ਜੋ ਵਿਸ਼ਵਾਸ ਕਰਦੇ ਸਨ ਉਹ ਇਸ ਬਿੰਦੂ ਤੇ ਕੋਈ ਮਾਇਨੇ ਨਹੀਂ ਰੱਖਦਾ ਸੀ। ਜੋ ਮਾਇਨੇ ਰੱਖਦਾ ਸੀ ਉਹ ਅੱਯੂਬ ਦਾ ਵਿਸ਼ਵਾਸ ਸੀ। ਅਸੀਂ ਕੀ ਵਿਸ਼ਵਾਸ ਰੱਖਦੇ ਹਾਂ?

"ਜਾਣਦਾ ਹਾਂ" - ਭਾਵੇਂ ਪਰਮੇਸ਼ੁਰ ਚੁੱਪ ਸੀ, ਇੱਥੇ ਕੋਈ ਕਲਪਨਾ ਨਹੀਂ ਸੀ। ਭਾਵੇਂ ਪਰਮੇਸ਼ੁਰ ਨੇ ਅੱਯੂਬ ਨੂੰ ਉਸ ਦੇ "ਕਿਉਂ" ਸਵਾਲਾਂ ਦਾ ਉੱਤਰ ਨਹੀਂ ਦਿੱਤਾ, ਤਾਂ ਵੀ ਅੱਯੂਬ ਨੇ ਨਿਸ਼ਚਤਤਾ ਦੇ ਨਾਲ ਗੱਲ ਕੀਤੀ ਸੀ। ਭਾਵੇਂ ਅੱਯੂਬ ਦੇ ਦੋਸਤਾਂ ਵਿਚੋਂ ਕੋਈ ਵੀ ਨਹੀਂ ਮੰਨਦਾ ਸੀ ਕਿ ਉਹ ਨਿਰਦੋਸ਼ ਹੈ, ਪਰ ਅੱਯੂਬ ਨੂੰ ਇਕ ਗੱਲ ਦਾ ਨਿਸ਼ਚਤ ਤੌਰ ਤੇ ਪਤਾ ਸੀ। ਅਸੀਂ ਕੀ ਜਾਣਦੇ ਹਾਂ?

"ਭਈ ਮੇਰਾ" - ਅੱਯੂਬ ਨੇ ਇਕ ਪੜਨਾਂਵ ਦਾ ਇਸਤੇਮਾਲ ਕੀਤਾ ਜੋ ਇਸ ਗੱਲ ਨੂੰ ਦਰਸਾਉਂਦਾ ਹੈ ਕਿ ਉਸ ਦਾ ਅਜੇ ਵੀ ਆਪਣੇ ਮੁਕਤੀਦਾਤੇ ਦੇ ਨਾਲ ਇਕ ਨਿਜੀ ਸਬੰਧ ਸੀ। ਕੀ ਸਾਡੇ ਉਸ ਦੇ ਨਾਲ ਅਜਿਹੇ ਨਿਜੀ ਸਬੰਧ ਹਨ ਜਿਸ ਨੇ ਸਾਨੂੰ ਬਣਾਇਆ ਹੈ ਅਤੇ ਜੋ ਸਾਨੂੰ ਪਿਆਰ ਕਰਦਾ ਹੈ?

"ਨਿਸਤਾਰਾ ਦੇਣ ਵਾਲਾ" - ਇਕ ਛੁਟਕਾਰਾ ਦੇਣ ਵਾਲਾ ਉਹ ਸੀ ਜੋ ਗੁਆਚੇ ਹੋਏ, ਚੁਰਾਏ ਹੋਏ, ਜਾਂ ਚਲੇ ਗਏ ਨੂੰ ਖਰੀਦ ਲਵੇ ਅਤੇ ਵਾਪਸ ਮੋੜ ਲਿਆਵੇ। ਅੱਯੂਬ ਦੀ ਸਾਰੀ ਆਸ ਟੁੱਟ ਗਈ ਸੀ (6:11), ਅਤੇ ਕਹਾਉਤਾਂ 13:12 ਕਹਿੰਦੀ ਹੈ, "ਆਸ ਦੀ ਢਿੱਲ ਦਿਲ ਨੂੰ ਬਿਮਾਰ ਕਰਦੀ ਹੈ।" ਅੱਯੂਬ ਦੀ ਆਸ ਫਿਰ ਤੋਂ ਜਾਗ ਗਈ ਕਿਉਂਕਿ ਉਸ ਨੂੰ ਪੂਰਾ ਭਰੋਸਾ ਸੀ ਕਿ ਉਸ ਦਾ ਨਿਸਤਾਰਾ ਦੇਣ ਵਾਲਾ ਜੀਉਂਦਾ ਸੀ! ਇਸ ਭਰੋਸੇ ਨੇ ਅੱਯੂਬ ਨੂੰ ਉਹ ਤਾਕਤ ਦਿੱਤੀ ਜਿਸ ਨੂੰ ਹਾਸਲ ਕਰਨ ਦੀ ਉਸ ਨੂੰ ਲੋੜ ਸੀ।

"ਜੀਉਂਦਾ ਹੈ" - ਭਾਵੇਂ ਪਰਮੇਸ਼ੁਰ ਚੁੱਪ ਸੀ, ਪਰ ਅੱਯੂਬ ਜਾਣਦਾ ਸੀ ਕਿ ਕਿ ਉਸ ਦਾ ਪਰਮੇਸ਼ੁਰ ਮੁਰਦਾ ਨਹੀਂ ਸੀ! ਭਾਵੇਂ ਅੱਯੂਬ ਇਸ ਸਾਰੇ ਵਿਚ ਪਰਮੇਸ਼ੁਰ ਦੇ ਕੰਮ ਦਾ ਕੋਈ ਸਬੂਤ ਨਹੀਂ ਵੇਖ ਸਕਿਆ, ਪਰ ਅੱਯੂਬ ਜਾਣਦਾ ਸੀ ਕਿ ਉਸ ਦਾ ਪਰਮੇਸ਼ੁਰ ਜੀਉਂਦਾ ਸੀ। ਅੱਯੂਬ ਨੇ ਆਪਣੀ ਤੰਦਰੁਸਤੀ, ਆਪਣੇ ਭਾਗ, ਅਤੇ ਆਪਣੇ ਪਰਿਵਾਰ ਨੂੰ ਗੁਆ ਲਿਆ ਸੀ; ਪਰ ਉਸ ਨੇ ਆਪਣਾ ਵਿਸ਼ਵਾਸ ਜਾਂ ਭਵਿੱਖ ਦੇ ਲਈ ਆਪਣੀ ਆਸ ਨਹੀਂ ਗੁਆਈ ਸੀ। ਭਾਵੇਂ ਇਹ ਕਥਨ ਯਿਸੂ ਦੇ ਇਸ ਧਰਤੀ ਤੇ ਆਉਣ, ਸਲੀਬ ਤੇ ਮਰਨ, ਅਤੇ ਦੁਬਾਰਾ ਜੀ ਉੱਠਣ ਤੋਂ ਕਈ ਸਾਲ ਪਹਿਲਾਂ ਦਾ ਸੀ, ਪਰ ਇਹ 2 ਤਿਮੋਥਿਉਸ 1:12 ਵਿਚ ਪੌਲੁਸ ਦੇ ਦੁਆਰਾ ਕਹੇ ਗਏ ਕਥਨ ਦੀ ਯਾਦ ਦਿਵਾਉਂਦਾ ਹੈ: "ਕਿਉਂ ਜੋ ਮੈਂ ਉਹ ਨੂੰ ਜਾਣਦਾ ਹਾਂ ਜਿਹ ਦੀ ਮੈਂ ਪਰਤੀਤ ਕੀਤੀ ਹੈ ਅਤੇ ਮੈਨੂੰ ਵਿਸ਼ਵਾਸ ਹੈ ਭਈ ਉਹ ਮੇਰੀ ਅਮਾਨਤ ਦੀ ਉਸ ਦਿਨ ਤੀਕ ਰਖਵਾਲੀ ਕਰ ਸੱਕਦਾ ਹੈ।" ਕੀ ਅਸੀਂ ਇਸ ਤੇ ਵਿਸ਼ਵਾਸ ਕਰਦੇ ਹਾਂ? ਕੀ ਸਾਨੂੰ ਵਿਸ਼ਵਾਸ ਹੈ ਕਿ ਕਿਉਂਕਿ ਉਹ ਜ਼ਿੰਦਾ ਹੈ, ਇਸ ਲਈ ਅਸੀਂ ਕੱਲ ਨੂੰ ਵੇਖ ਸਕਦੇ ਹਾਂ?

ਅੱਯੂਬ ਦੀਆਂ ਮੁਸ਼ਕਲਾਂ ਹੁਣ ਵੀ ਅਸਲੀ ਸਨ ਅਤੇ ਇਹ ਪੁਸਤਕ ਤੇਈ ਹੋਰ ਅਧਿਆਵਾਂ ਤੱਕ ਚੱਲਦੀ ਰਹਿੰਦੀ ਹੈ। ਪਰ, ਅੱਯੂਬ ਨੇ ਆਪਣਾ ਵਿਸ਼ਵਾਸ ਪਾਇਆ ਅਤੇ ਉਸ ਨੂੰ ਜ਼ਾਹਿਰ ਕੀਤਾ। ਅੱਯੂਬ ਨੂੰ ਪਰਮੇਸ਼ੁਰ ਦੀ ਹੋਂਦ ਤੇ ਪੂਰਾ ਵਿਸ਼ਵਾਸ ਸੀ ਅਤੇ ਉਹ ਉਸ ਨੂੰ ਮਹਾਨ ਮੁਕਤੀਦਾਤੇ ਵਜੋਂ ਮਾਨਤਾ ਦਿੰਦਾ ਸੀ। ਅੱਯੂਬ ਨੂੰ ਪੂਰਾ ਵਿਸ਼ਵਾਸ ਸੀ ਕਿ ਅੰਤ ਵਿਚ "ਉਹ ਧਰਤੀ ਤੇ ਖੜਾ ਹੋਵੇਗਾ" (19:25)। ਭਾਵੇਂ ਅੱਯੂਬ ਨੂੰ ਪੂਰਾ ਯਕੀਨ ਸੀ ਕਿ ਉਹ ਮਰਨ ਵਾਲਾ ਸੀ, ਉਸ ਦੀ ਖੱਲ ਨਾਸ ਹੋ ਜਾਵੇਗੀ (19:26), ਅਤੇ ਉਸ ਦਾ ਸਰੀਰ ਉਸੇ ਮਿੱਟੀ ਵਿਚ ਵਾਪਸ ਮੁੜ ਜਾਵੇਗਾ ਜਿਸ ਤੋਂ ਉਹ ਨਿਕਲਿਆ ਸੀ, ਅੱਯੂਬ ਨੂੰ ਇਹ ਪੱਕਾ ਭਰੋਸਾ ਵੀ ਦਿਵਾਇਆ ਗਿਆ ਸੀ ਅਤੇ ਉਸ ਨੇ ਨਿਸ਼ਚਤਤਾ ਦੇ ਨਾਲ ਕਿਹਾ, "ਮੈਂ ਆਪਣੇ ਮਾਸ ਤੋਂ ਬਿਨਾ ਪਰਮੇਸ਼ੁਰ ਨੂੰ ਵੇਖਾਂਗਾ" (19:26)। ਉਹ ਕਿਹੋ ਜਿਹਾ ਦਿਨ ਅਤੇ ਕਿਹੋ ਜਿਹਾ ਨਜ਼ਾਰਾ ਹੋਵੇਗਾ! ਮਹਿਮਾ ਵਿਚ ਉਸ ਦੀ ਸਿਰਫ ਇਕ ਝਲਕ ਉਸ ਦੀਆਂ ਸਾਰੀਆਂ ਮਿਹਨਤਾਂ ਦੀ ਕੀਮਤ ਨੂੰ ਅਦਾ ਕਰ ਦੇਵੇਗੀ ਜੋ ਉਸ ਨੇ ਸਹੀਆਂ ਸਨ। ਐਫ. ਮਿਲਸ

ਟਿੱਪਣੀਆਂ

[1]ਜੌਨ ਈ. ਹਾਰਟਲੀ, *ਦ ਬੁਕ ਆਫ਼ ਅੱਯੂਬ*, ਦ ਨਿਊ ਇੰਟਰਨੈਸ਼ਨਲ ਕਮੈਂਟਰੀ ਆਨ ਦਿ ਓਲਡ ਟੈਸਟਾਮੈਂਟ (ਗਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1988), 281. [2]ਫ੍ਰਾਂਸਿਸ ਆਈ. ਐਂਡਰਸਨ, *ਅੱਯੂਬ, ਐਨ ਇੰਟਰੋਡਕਸ਼ਨ ਐਂਡ ਕਮੈਂਟਰੀ*, ਟਿੰਡੇਲ ਓਲਡ ਟੈਸਟਾਮੈਂਟ ਕਮੈਂਟਰੀਜ਼ (ਡਾਊਨਰਸ ਗਰੋਵ, ਇਲੀਨੋਇਸ: ਇੰਟਰ-ਵਰਸਿਟੀ ਪ੍ਰੈਸ, 1974), 190. [3]*ਨੀਪੇਸ਼* ਸ਼ਬਦ ਦੇ ਅਰਥਾਂ ਦੀ ਇਕ ਵਿਸ਼ਾਲ ਸ਼੍ਰੇਣੀ ਹੈ। ਲੁਡਵਿਗ ਕੋਹਲਰ ਅਤੇ ਵਾਲਟਰ ਬਾਉਮਗਾਰਟਨਰ, *ਦ ਹਿਬਰਿਊ ਐਂਡ ਅਰਾਮਿਕ ਲੈਕਸੀਕਨ ਆਫ਼ ਦਿ ਓਲਡ ਟੈਸਟਾਮੈਂਟ*, ਅਧਿਐਨ ਸੋਧ, ਅਨੁਵਾਦ ਅਤੇ ਸੰਪਾ ਐਮ. ਈ. ਜੇ. ਰਿਚਰਡਸਨ (ਬੋਸਟਨ: ਬਰਿੱਲ, 2001), 1:711-13. [4]ਹਾਰਟਲੀ, 282-83. [5]ਉਸੇ ਸਥਾਨ ਤੇ, 283. [6]ਕੋਹਲਰ ਅਤੇ ਬਾਉਮਗਾਰਟਨਰ, 1:804. [7]ਹਾਰਟਲੀ, 284. [8]ਹੋਮਰ ਹੇਲੀ, *ਏ*

ਕਮੈਂਟਰੀ ਆਨ ਅੱਯੂਬ (ਐੱਨ.ਪੀ.: ਰੀਲੀਜੀਅਸ ਸਪਲਾਈ, ਇੰਕ., 1994), 171. [9]ਆਰ. ਲਾਇਰਡ ਹੈਰਿਸ, "חָמָס, *ਹਮਸ*," *ਥੀਓਲੋਜੀਕਲ ਵਰਡਬੁਕ ਆਫ਼ ਦਿ ਓਲਡ ਟੈਸਟਾਮੈਂਟ*, ਸੰਪਾ ਆਰ. ਲਾਇਰਡ ਹੈਰਿਸ, ਗਲੀਸਨ ਐਲ. ਆਰਚਰ, ਜੂਨੀਅਰ, ਅਤੇ ਬਰੂਸ ਕੇ. ਵਾਲਟਕੇ (ਸ਼ਿਕਾਗੋ: ਮੂਡੀ ਪ੍ਰੈਸ, 1980), 1:297. [10]ਸਮੂਏਲ ਕੋਕਸ, *ਏ ਕਮੈਂਟਰੀ ਆਨ ਦ ਬੁਕ ਆਫ਼ ਅੱਯੂਬ*, ਦੂਜਾ ਸੰਪਾਦਨ (ਲੰਡਨ: ਕੀਗਨ ਪੌਲ, ਟਰੈਂਚ ਐਂਡ ਕੰਪਨੀ, 1885), 237.

[11]ਉਸੇ ਸਥਾਨ ਤੇ। [12]ਹੇਲੀ, 172. [13]ਉਸੇ ਸਥਾਨ ਤੇ, 174. [14]ਲਚਕੀਲਾ ਸ਼ਬਦ "ਭਰਾ" (אָח, *ਅਚ)* ਇੱਕੋ ਮਾਂ ਅਤੇ ਪਿਤਾ ਦੇ ਜਨਮ ਲੈਣ ਵਾਲੇ, ਸਕੇ ਭਰਾ, ਰਿਸ਼ਤੇਦਾਰ, ਇੱਕੋ ਗੋਤ ਦੇ ਇਕ ਮੈਂਬਰ ਜਾਂ ਇੱਕੋ ਲੋਕਾਂ ਦਾ ਮੈਂਬਰ ਹੋ ਸਕਦਾ ਹੈ। (ਕੋਹਲਰ ਅਤੇ ਬਾਉਮਗਾਰਟਨਰ, 1:29.) [15]ਹਾਰਟਲੀ, 289. [16]ਹੇਲੀ, 175. [17]ਕੋਹਲਰ ਅਤੇ ਬਾਉਮਗਾਰਟਨਰ, 1:334-35. [18]ਕੋਕਸ, 241. [19]ਐਂਡਰਸਨ, 193. [20]ਇਸ ਭਾਗ ਵਿਚ ਜ਼ਿਆਦਾਤਰ ਸਮੱਗਰੀ ਰੋਬਰਟ ਡੋਨਲਡ ਸ਼ੈਕਲਫੋਰਡ, *ਦ ਕਾਨਸੈਪਟ ਆਫ਼ ਨੌਲਜ ਇਨ ਦ ਬੁਕ ਆਫ਼ ਅੱਯੂਬ* (ਡਾਕਟਰ ਆਫ਼ ਥੀਓਲੋਜੀ, ਨਿਬੰਧ, ਨਿਊ ਓਰਲੀਅਨਜ ਬੈਪਟਿਸਟ ਥੀਓਲੋਜੀਕਲ ਸੈਮੀਨਰੀ, 1976), 57-64, ਲਈ ਗਈ ਸੀ।

[21]"ਇਸ ਤਰ੍ਹਾਂ ਦਾ ਅਭਿਆਸ ਡਾਰੀਅਸ I ਦੇ ਬਹਿਸਤੂਨ ਸ਼ਿਲਾਲੇਖ ਵਿਚ ਪ੍ਰਮਾਣਿਤ ਹੋਇਆ ਹੈ" (ਹਾਰਟਲੀ, 291, ਨੰ. 7)। [22]ਜੌਨ ਡੀ. ਡਬਲਿਯੂ. ਵਾਟਸ, "ਅੱਯੂਬ," *ਦ ਬਰੋਡਮੈਨ ਬਾਈਬਲ ਕਮੈਂਟਰੀ*, ਸੰਪਾ. ਕਲਿਫਟਨ ਜੇ. ਐਲਨ (ਨੈਸ਼ਵਿਲੇ: ਬਰੋਡਮੈਨ ਪ੍ਰੈਸ, 1971), 4:83. [23]ਹਾਰਟਲੀ, 292. [24]ਮਾਰਵਿਨ ਐਚ. ਹੋਪ, *ਅੱਯੂਬ*, ਦਿ ਐਂਕਰ ਬਾਈਬਲ, ਜਿਲਦ 15 (ਗਾਰਡਨ ਸਿਟੀ, ਨਿਊ ਯਾਰਕ: ਡੱਬਲਡੇਅ ਐਂਡ ਕੰਪਨੀ, ਇੰਕ., 1965), 134. [25]ਰੋਬਰਟ ਗੋਰਡਿਸ, *ਦ ਬੁਕ ਆਫ਼ ਗੌਡ ਐਂਡ ਮੈਨ: ਏ ਸਟੱਡੀ ਆਫ਼ ਅੱਯੂਬ* (ਸ਼ਿਕਾਗੋ: ਦਿ ਯੂਨੀਵਰਸਿਟੀ ਆਫ਼ ਸ਼ਿਕਾਗੋ ਪ੍ਰੈਸ, 1965), 88. [26]ਉਸੇ ਸਥਾਨ ਤੇ। [27]ਸਮੂਏਲ ਰੋਲਸ ਡਰਾਈਵਰ ਅਤੇ ਜੋਰਜ ਬੁਚਨਨ ਗ੍ਰੇ, *ਏ ਕ੍ਰਿਟੀਕਲ ਐਂਡ ਐਕਸਜੈਟੀਕਲ ਕਮੈਂਟਰੀ ਆਨ ਦ ਬੁਕ ਆਫ਼ ਅੱਯੂਬ*, ਦਿ ਇੰਟਰਨੈਸ਼ਨਲ ਕ੍ਰਿਟੀਕਲ ਕਮੈਂਟਰੀ (ਐਡਿਨਬਰਗ: ਟੀ. ਐਂਡ ਟੀ. ਖਲਾਰਕ, 1921), 173. [28]ਹਾਰਟਲੀ, 294. [29]ਐਚ. ਐਚ. ਰਾਊਲੀ, *ਅੱਯੂਬ*, ਦੀ ਸੈਂਚੁਰੀ ਬਾਈਬਲ, ਨਿਊ ਸੀਰੀਜ਼ (ਗ੍ਰੀਨਵੁੱਡ, ਸਾਊਥ ਕੈਰੋਲਾਈਨਾ: ਦ ਐਟਿਕ ਪ੍ਰੈੱਸ, ਇੰਕ, 1970), 173. [30]ਏ. ਬੀ. ਡੇਵਿਡਸਨ, *ਦ ਥੀਓਲੋਜੀ ਆਫ਼ ਦਿ ਓਲਡ ਟੈਸਟਾਮੈਂਟ*, ਸੰਪਾਦਨ, ਐਸ. ਡੀ. ਐਫ. ਸੈਲਮੰਡ (ਨਿਊ ਯਾਰਕ: ਚਾਰਲਸ ਸਕ੍ਰਿਬਨਰਜ ਸੰਨਜ਼, 1924), 488-95.

[31]ਉਸੇ ਸਥਾਨ ਤੇ, 495. [32]ਬਿਲੀ ਕੈਨੇਥ ਸਮਿਥ, *ਦ ਪਰੌਬਲਮ ਆਫ਼ ਦ ਫਿਊਚਰ ਲਾਈਫ਼ ਇਨ ਦ ਬੁਕ ਆਫ਼ ਅੱਯੂਬ* (ਡਾਕਟਰ ਆਫ਼ ਥੀਓਲੋਜੀ, ਨਿਬੰਧ, ਨਿਊ ਓਰਲੀਅਨਜ ਬੈਪਟਿਸਟ ਥੀਓਲੋਜੀਕਲ ਸੈਮੀਨਰੀ, 1963)। [33]ਕੋਕਸ, 249. [34]ਹੇਲੀ, 178. [35]ਜੌਨ ਬਾਰਟਲੈਟ, *ਫੈਮਿਲੀਅਰ ਕੋਟੇਸ਼ਨਜ਼*, 15ਵਾਂ ਸੰਪਾਦਨ, ਸੋਧ ਅਤੇ ਸੰਪਾਦਨ ਏਮਿਲੀ ਮੋਰੀਸਨ ਬੈਂਕ (ਬੋਸਟਨ: ਲਿਟਲ, ਬਰਾਊਨ ਐਂਡ ਕੰਪਨੀ, 1980), 348.